# ਸੂਰਾ

ਮਾਸਕ ਪੱਤਰ

ਅੰਮ੍ਰਿਤਸਰ AMRITSAR

ਸਿਧ ਬੋਲਨਿ ਸੁਭ ਬਚਨ

ਧੰਨੁ ਨਾਨਕ ਤੇਰੀ ਵਡੀ ਕਮਾਈ

NOV 1980

ਨਵੰਬਰ ੧੯੮੦

## ਸਭ ਤੋ ਵਡਾ

ੴ

## ਸਤਿਗੁਰੂ ਨਾਨਕ

## ਜਿਨਿ ਕਲ ਰਾਖੀ ਮੇਰੀ

ਸ੍ਰੀ ਗੁਰੂ ਨਾਨਕ ਨਿਰੰਕਾਰੀ ਦਾ ਪ੍ਰਕਾਸ਼ ਉਤਸ਼ਵ
ਮਿਤੀ 22 ਨਵੰਬਰ 1980 ਨੂੰ ਹੈ।

www.AKJ.Org

ਡੀ. ਪੀ. ਆਈ. ਪੰਜਾਬ ਵਲੋਂ ਚਿਠੀ ਨੰਬਰ ੧/੭੦-੬੮-੨੧ ਮਿਤੀ ੧੭-੧੦-੬੮ ਅ. ਪ. ਅਨੁਸਾਰ
'ਸੂਰਾ' ਮਾਸਕ ਪੱਤਰ ਕਾਲਜਾਂ, ਸਕੂਲਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਦੀਆਂ ਲਾਇਬਰੇਰੀਆਂ ਲਈ ਪਰਵਾਨ ਹੈ ।

# ਤਤਕਰਾ


| | | | |
|---|---|---|---|
| ਕਲਿ ਤਾਰਣ ਗੁਰੁ ਨਾਨਕ ਆਇਆ | ... | ਭਾਈ ਸਾਹਿਬ ਭਾਈ ਗੁਰਦਾਸ ਜੀ | ੩ |
| ਸਭ ਤੇ ਵਡਾ ਸਤਿਗੁਰੁ ਨਾਨਕ | ... | ਭਾ: ਸਾ: ਭਾਈ ਰਣਧੀਰ ਸਿੰਘ ਜੀ | ੪ |
| ਨਿਰੰਕਾਰ ਸਚਖੰਡ ਵਸਦਾ ਭੀ ਸਰਬ-ਵਿਆਪਕ ਹੈ | ... | ,, ,, | ੮ |
| ਮਨਮੁਖ ਬੋਲਿ ਨ ਜਾਣਨੀ ਓਨਾ ਅੰਦਰਿ ਕਾਮੁ ਕ੍ਰੋਧੁ ਅਹੰਕਾਰੁ | ... | ਮਾ: ਜੁਗਿੰਦਰ ਸਿੰਘ ਜੀ ਬੜੂੰਦੀ | ੧੦ |
| ਗੁਰੂ ਨਾਨਕ ਦੀ ਅਸਚਰਜ ਲੀਲ੍ਹਾ (ਕਵਿਤਾ) | ... | ਗਿ: ਗੋਪਾਲ ਸਿੰਘ ਜੀ ਮਿਤਰ | ੧੩ |
| ਵਿਚਹੁ ਮਾਰਿ ਕਢੀਆ ਬੁਰਿਆਈਆ | ... | ,, ,, | ੧੪ |
| ਜਲੰਦਾ ਜਗਤ ਜਾਂ ਤਕਿਆ (ਕਵਿਤਾ) | ... | ਸ: ਵਿਧਾਤਾ ਸਿੰਘ ਜੀ ਤੀਰ | ੧੫ |
| ਨਾਨਕੀ ਦਾ ਗੀਤ | ... | ਪ੍ਰੋ: ਮੋਹਨ ਸਿੰਘ ਜੀ | ੧੬ |
| ਸਿੱਖੀ ਆਚਰਨ—ਇਕ ਹੱਡ ਬੀਤੀ ਵਾਰਤਾ | ... | ਪ੍ਰਿੰਸੀਪਲ ਗੰਗਾ ਸਿੰਘ ਜੀ | ੧੭ |
| ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਬਾਲਮ ਸਾਖੀਆਂ | ... | ਭਾਈ ਸਾਹਿਬ ਭਾ: ਵੀਰ ਸਿੰਘ ਜੀ | ੨੩ |
| ਅਬਦਾਲੀ, ਸਿਖ ਤੇ ਵੱਡਾ ਘਲੂਘਾਰਾ (੨੬) | ... | ਕੈਪਟਨ ਸਵਰਨ ਸਿੰਘ ਜੀ | ੨੬ |
| ਨਕਲੀ ਨਿਰੰਕਾਰੀ ਦਾ ਕਤਲ ਤੇ ਜਹਾਂਗੀਰੀ ਇਨਸਾਫ਼ | ... | ਸ: ਸ਼ਮਸ਼ੇਰ ਸਿੰਘ ਜੀ ਅਸ਼ੋਕ | ੩੩ |
| ਅਖੰਡ ਕੀਰਤਨੀ ਜਥੇ ਦੀ ਵਿਸ਼ੇਸ਼ ਮੀਟਿੰਗ | ... | — — | ੩੬ |
| ਪਾਗ ਦੁਨੈ ਕਰ ਬਾਂਧਈ (੨) | ... | ਪ੍ਰੋ: ਹਰਬੰਸ ਸਿੰਘ ਜੀ | ੩੭ |
| ਸਿਖ ਧਰਮ ਵਿਚ ਕੀਰਤਨ ਦੀ ਮਹੱਤਤਾ | ... | ਡਾ: ਗੋਬਿੰਦ ਸਿੰਘ ਜੀ ਮਨਸੁਖਾਨੀ | ੪੧ |


ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਗੁਰਿਆਈ ੧ ਨਵੰਬਰ     ਸ੍ਰੀ ਗੁਰੂ ਹਰਿਰਾਇ ਸਾਹਿਬ ਜੋਤੀ ਜੋਤਿ ੧ ਨਵੰਬਰ
ਸ੍ਰੀ ਗੁਰੂ ਗ੍ਰੰਥ ਸਾਹਿਬ ਗੱਦੀ ਨੰਦੇੜ ੯ ਨਵੰਬਰ     ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜੋਤੀ ਜੋਤਿ ੧੩ ਨਵੰਬਰ

ਸ੍ਰੀ ਗੁਰੂ ਨਾਨਕ ਦੇਵ ਜੀ ਅਵਤਾਰ ਧਾਰਿਆ ੨੨ ਨਵੰਬਰ

# 'ਸੂਰਾ' ਮਾਸਕ ਪੱਤਰ ਨੂੰ ਪੁੱਜੀ ਸਹਾਇਤਾ

| | | |
|---|---|---|
| ਸ: ਮੋਹਨ ਸਿੰਘ ਸਾਊਥਹਾਲ ਯੂ. ਕੇ. ਵਲੋਂ | ... ... ... | 52-27 |
| ਮਿ: ਜਗਜੀਵਨ ਸਿੰਘ ਬਿਰਮਿੰਘਮ ਯੂ. ਕੇ. ਵਲੋਂ | ... ... ... | 90-15 |
| ਸ: ਅਜੀਤ ਸਿੰਘ ਡਰਬੀ ਯੂ. ਕੇ. ਵਲੋਂ | ... ... ... ... | 127-30 |
| ਸ: ਨਾਜ਼ਰ ਸਿੰਘ ਲੁਧਿਆਣਾ ਵਲੋਂ | ... ... ... ... | 10-00 |
| ਸ: ਗੁਰਬਖਸ਼ ਸਿੰਘ ਪਾਰੋਵਾਲ ਵਲੋਂ | ਭੁਜੰਗੀ ਤੇ ਭੁਜੰਗਣ ਦੇ ਅਨੰਦ ਦੀ ਖੁਸ਼ੀ ਵਿਚ | 51-00 |
| ਸ: ਸੁਖਦੇਵ ਸਿੰਘ ਪਟਿਆਲਾ ਵਲੋਂ | ਦੁਕਾਨ ਦੇ ਮਹੂਰਤ ਸਮੇਂ | 21-00 |
| ਸ: ਗੁਰਨਾਮ ਸਿੰਘ ਜੀ, ਰੀਡਿੰਗ ਯੂ. ਕੇ. ਵਲੋਂ | ... ... ... | 51-00 |
| ਸਾਰਜੇਂਟ ਤੇਜਿੰਦਰ ਸਿੰਘ ਬਗਾ ਹੈਦਰਾਬਾਦ ਵਲੋਂ | ... ... ... | 21-00 |
| ਸ: ਗਰਬਖਸ਼ ਸਿੰਘ ਸਿਵੀਆ ਗ੍ਰੇਵਜ਼ੈਂਡ ਯੂ. ਕੇ. ਵਲੋਂ | ... ... ... | 30-30 |
| ਸ: ਦਰਸ਼ਨ ਸਿੰਘ ਰਾਜਪੁਰਾ ਵਲੋਂ | ... ... ... | 31-00 |
| ਮਿਸਤ੍ਰੀ ਖੜਕ ਸਿੰਘ ਦਾਦੂਪੁਰ ਵਲੋਂ | ਸ: ਪ੍ਰੀਤਮ ਸਿੰਘ ਦੀ ਬੱਚੀ ਦੇ ਅਨੰਦ ਦੀ ਖੁਸ਼ੀ ਵਿਚ | 11-00 |
| ਸ: ਸੁਬੇਗ ਸਿੰਘ ਮੰਨਣ ਵਲੋਂ | ... ... .. ... | 11-00 |
| ਬੀਬੀ ਦਿਆਲ ਕੌਰ ਅਤੇ ਪਰਵਾਰ ਡੇਰੀ ਓਨ ਸੋਨ ਵਲੋਂ | ਭਾ: ਸਾ: ਅਮੋਲਕ ਸਿੰਘ ਜੀ ਦੀ ਯਾਦ ਵਿਚ | 51-00 |
| ਸ: ਜਸਬੀਰ ਸਿੰਘ ਕਾਨਪੁਰ ਵਲੋਂ | ਸ਼ਹੀਦ ਜਗਜੀਤ ਦੀ ਯਾਦ ਵਿਚ | 11-00 |
| ਸ: ਕਰਤਾਰ ਸਿੰਘ ਗਾਜ਼ੀਆਬਾਦ ਵਲੋਂ | ... ... ... | 5-00 |
| ਸ: ਕਰਨੈਲ ਸਿੰਘ ਅਬੂ ਧਾਬੀ (ਅਰਬ ਦੇਸ਼) ਵਲੋਂ | ... ... | 251-00 |
| ਸ: ਜੋਗਿੰਦਰ ਸਿੰਘ ਸ਼ੇਰਗਿੱਲ ਗ੍ਰੇਵਜ਼ੈਂਡ ਯੂ. ਕੇ. ਵਲੋਂ | ... ... ... | 10-00 |

ਸਤਿਗੁਰੂ ਸੱਚੇ ਪਾਤਸ਼ਾਹ ਸਭ ਵੀਰਾਂ ਭੈਣਾਂ ਨੂੰ ਚਰਨਾਂ ਦੀ ਪ੍ਰੀਤ ਬਖਸ਼ਣ ।

ਲਾਕਟ ਪ੍ਰਿੰਟਰਜ਼, ਬਾਜ਼ਾਰ ਬਾਬਾ ਭੌੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜੱਥੇ ਵਲੋਂ ਬਾਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ ਅੰਮ੍ਰਿਤਸਰ ਤੋਂ ੧.੧੧.੮੦ ਨੂੰ ਪ੍ਰਕਾਸ਼ਤ ਕੀਤਾ ।
ਟੈਲੀਫ਼ੋਨ ਨੰਬਰ : 5 1 8 4 7

www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥


| | |
|---|---|
| ਸਲਾਨਾ ਚੰਦਾ | ੧੦-੦੦ |
| ਇਕ ਪਰਚਾ | ੧-੦੦ |

**ਪਰਦੇਸ**

| | |
|---|---|
| ਸਮੁੰਦਰੀ ਡਾਕ | ੧੮-੫੦ |

**ਹਵਾਈ ਡਾਕ**

| | |
|---|---|
| ਅਰਬ, ਮਲਾਇਆ | ੩੫-੦੦ |
| ਯੂ. ਕੇ, ਅਫਰੀਕਾ | ੫੦-੦੦ |
| ਕੈਨੇਡਾ, ਅਮਰੀਕਾ | ੫੫-੦੦ |



**ਸੰਪਾਦਕੀ ਬੋਰਡ**

ਭਾ: ਜੋਗਿੰਦਰ ਸਿੰਘ
ਭਾਈ ਰਾਮ ਸਿੰਘ
ਪ੍ਰਿੰ: ਗੁਰਮੁਖ ਸਿੰਘ
ਗਿ:ਗੁਰਬਚਨਸਿੰਘ
ਭਾਈ ਸੇਵਾ ਸਿੰਘ



**ਅਖੰਡ ਕੀਰਤਨੀ ਜੱਥੇ ਵਲੋਂ ਗੁਰਮਤਿ ਮਾਸਕ ਪੱਤਰ**

ਜਿਲਦ ੧੪ | ਨਵੰਬਰ ੧੯੮੦ | ਅੰਕ ੧੧


## ਕਲਿ ਤਾਰਣਿ

ਸੁਣੀ ਪੁਕਾਰਿ ਦਾਤਾਰ ਪ੍ਰਭੁ, ਗੁਰੁ ਨਾਨਕ ਜਗ ਮਾਹਿ ਪਠਾਇਆ ॥
ਚਰਨ ਧੋਇ ਰਹਰਾਸਿ ਕਰਿ, ਚਰਣਾਮ੍ਰਿਤੁ ਸਿਖਾਂ ਪੀਲਾਇਆ ॥
ਪਾਰਬ੍ਰਹਮ ਪੂਰਨ ਬ੍ਰਹਮ, ਕਲਿਜੁਗ ਅੰਦਰ ਇਕ ਦਿਖਾਇਆ ॥
ਚਾਰਿ ਪੈਰ ਧਰਮ ਦੇ, ਚਾਰਿ ਵਰਨ ਇਕ ਵਰਨੁ ਕਰਾਇਆ ॥
ਰਾਣਾ ਰੰਕ ਬਰਾਬਰੀ, ਪੈਰੀ ਪਵਣਾ ਜਗਿ ਵਰਤਾਇਆ ॥
ਉਲਟਾ ਖੇਲੁ ਪਿਰਮ ਦਾ, ਪੈਰਾ ਉਪਰਿ ਸੀਸੁ ਨਿਵਾਇਆ ॥
ਕਲਿਜੁਗ ਬਾਬੇ ਤਾਰਿਆ, ਸਤਿਨਾਮੁ ਪੜਿ ਮੰਤ੍ਰ ਸੁਣਾਇਆ ॥
ਕਲਿ ਤਾਰਣਿ ਗੁਰੁ ਨਾਨਕ ਆਇਆ ॥੨੩॥

ਭਾਈ ਗੁਰਦਾਸ ਜੀ, ਵਾਰ ੧




www.AKJ.Org

# ਸਭ ਤੇ ਵਡਾ ਸਤਿਗੁਰੁ ਨਾਨਕ

[ਵਲੋਂ—ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]

ਸੰਸਾਰ ਵਿਖੇ ਜੋ ਜੋ ਔਲੀਆ, ਅੰਬੀਆ, ਗੌਂਸ, ਪੈਗੰਬਰ, ਅਵਤਾਰ ਹੋਏ, ਓਹਨਾਂ ਦੇ ਮੁਰਾਤਬੇ ਦੀ ਵਡਿਆਈ ਉਹਨਾਂ ਦੇ ਸੰਸਾਰ ਪ੍ਰਤੀ ਵਰੋਸਾਏ ਦਾਤਿ-ਜੋਤੀ-ਕਰਤੱਵ ਤੋਂ ਹੀ ਪੇਖੀ-ਪਰਖੀ ਜਾਂਦੀ ਹੈ। ਸੰਸਾਰੀਆਂ ਲਈ ਸਭ ਤੋਂ ਵੱਡੀ ਦਾਤਿ ਓਹ ਹੈ ਜੋ ਸੰਸਾਰੀਆਂ ਨੂੰ ਸੰਸਾਰ ਤੋਂ ਉੱਚਾ ਕਰ ਦਿਖਲਾਏ, ਜੋ ਸੰਸਾਰੀਆਂ ਨੂੰ ਸੰਸਾਰਤ ਭਾਵ ਤੋਂ ਉਚੇਰੇ ਆਤਮ-ਮੰਡਲ ਵਿਖੇ ਉਡਾਰੀਆਂ ਦੇਣ ਲਈ ਸ਼ਕਤਿ-ਪੰਖ ਪ੍ਰਦਾਨ ਕਰੇ, ਜੋ ਆਤਮ ਪਰਮਾਤਮ ਦੇ ਸੰਗਮ (ਮੇਲ) ਝਲਕਾਰੇ ਦਿਖਲਾਉਣ ਲਈ ਪਾਰਸ-ਕਲਾ ਵਾਲੇ ਵਰਤਾਰੇ ਪਰਤੱਖ ਵਰਤਾਣ ਨੂੰ ਸਮਰੱਥ ਹੋਵੇ। ਸਭ ਤੋਂ ਵੱਡੀ ਦਾਤਿ ਓਹ ਹੈ ਜੋ ਸਭ ਤੋਂ ਵੱਡੇ ਸਾਹਿਬ ਅਲੱਖ ਦਾਤਾਰ, ਸਾਰੀ ਸ੍ਰਿਸ਼ਟੀ ਦੇ ਸਿਰਜਨਹਾਰ ਨੂੰ, ਅਗਮ ਅਗੋਚਰ ਅਤੇ ਸਰਬੱਗ ਕਰਤਾਰ ਨੂੰ ਅਸਾਂ ਪੰਜ-ਭੂਤਕੀ ਸ੍ਰਿਸ਼ਤ (ਖ਼ਮੀਰ) ਵਾਲੇ ਸਿਰਜੇ ਸੰਸਾਰੀ ਅਲਪੱਗ ਜੀਵਾਂ ਪ੍ਰਤੀ ਸਾਂਗੋ-ਪਾਂਗ ਲਖਾਇਕ ਹੋਵੇ।

ਅਜਿਹੀ ਸਭ ਤੋਂ ਉੱਚੀ ਸੁੱਚੀ ਅਤੇ ਸਭ ਤੋਂ ਵੱਡੀ ਜ਼ਾਤ ਦਾ ਲਖਾਵਣਹਾਰ ਦਾਤਾਰ ਨਿਰਸੰਦੇਹ ਸਭ ਤੋਂ ਵੱਡਾ ਸਤਿ ਪੁਰਖ ਹੈ। ਜੋਤਿ ਪ੍ਰਕਾਸ਼ ਨੂੰ ਗੁਪਤੋਂ ਪ੍ਰਗਟ ਕਰਨਹਾਰਾ ਹੀ ਸੱਚਾ ਸਤਿਗੁਰੂ ਸਭ ਤੋਂ ਵੱਡਾ ਸਤਿਗੁਰੂ ਹੈ। ਏਸ ਦਾਤਿ ਜੋਤਿ ਦੀ ਵਡਿਆਈ ਕਰਕੇ ਹੀ ਸਭ ਤੋਂ ਵੱਡਾ ਹੈ। ਸਤਿਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਧੁਰ ਦਰਗਾਹੋਂ ਸਭ ਤੋਂ ਵੱਡੀ ਦਾਤਿ ਇਲਾਹੀ ਨਾਮ ਦੀ ਬਖਸ਼ਿਸ਼ (ਦਾਤਿ) ਪਾਈ ਅਤੇ ਸੰਸਾਰ ਵਿਚ ਆ ਕੇ ਪ੍ਰਗਟ ਕਰਿ ਵਰਤਾਈ।

ਇਹ ਦਾਤਿ ਕੀ ਸੀ, ਜੀਵਾਂ ਨੂੰ ਜੀਆ-ਦਾਨ ਦੇਣ ਵਾਲੀ ਜੀਵਨ-ਬੂਟੀ ਸੀ। ਇਸ ਬਿਹੂਣ ਸਾਰਾ ਸੰਸਾਰ ਰੋਗੀ ਹੀ ਸੀ। ਨਾਮ-ਅਉਖਧੀ ਲਿਆਂਦੀ ਤਾਂ ਕੇਵਲ ਸਤਿਗੁਰੂ ਨਾਨਕ ਸਾਹਿਬ ਸੱਚੇ ਸਤਿਗੁਰੂ ਨੇ ਲਿਆਂਦੀ। ਇਸ ਅਮੋਲਕ ਅਉਖਧੀ ਦੀ ਕਦਰ-ਕੀਮਤ, ਜਾਂਚ ਪਰਖ ਵੈਦ ਗੁਰੂ ਦੇ ਬਾਝ ਭਲਾ ਹੋਰ ਕਿਸੇ ਨੂੰ ਕੀ ਹੋ ਸਕਦੀ ਹੈ।

ਜਨਮ-ਜਨਮਾਂਤਰਾਂ ਦੇ ਰੋਗੀ ਸੰਸਾਰੀ ਜੀਵ ਆਪੋ ਆਪਣੀਆਂ ਅਲਪੱਗ ਬੁਧੀਆਂ ਅਤੇ ਰੋਗ-ਗ੍ਰਸਤ ਅਰਥਾਂ ਦੁਆਰਾ ਸਰਬੱਗ ਦਾਤੇ ਦੀ ਜੋਤਿ-ਦਾਤਿ ਨੂੰ ਪਰਖਣ ਦੀ ਢੀਠਤਾ ਕਰਨ ਤਾਂ ਉਹਨਾਂ ਦੀ ਮਹਿਜ਼ ਮੂੜ੍ਹ ਮੱਤ ਹੈ। ਇਹ ਕੇਸੀ ਅਣਹੋਣੀ ਗੱਲ ਹੈ ਕਿ ਰੋਗ-ਆਤਰ ਬੀਮਾਰ ਲੋਗ ਆਪਣੀ ਬੀਮਾਰੀ ਦਾ ਇਲਾਜ ਆਪੇ ਹੀ ਕਰ ਸਕਣ। ਰੋਗੀਆਂ ਨੂੰ ਆਪਣੇ ਰੋਗ ਦਾ ਹੀ ਪਤਾ ਨਹੀਂ, ਦਾਰੂ ਕੀ ਕਰ ਸਕਦੇ ਸਨ? ਸਾਰਾ ਸੰਸਾਰ ਰੋਗੀ, ਇਸ ਸੰਸਾਰ ਵਿਚੋਂ ਅਗੇ ਬਣ ਬਣ ਬੈਠਣ ਵਾਲੇ ਸਿਆਣੇ ਵੈਦ ਭੀ ਰੋਗੀ 'ਨਾ ਕੋਈ ਰੋਗ ਪਛਾਣੈ, ਨ ਦਾਰੂ ਜਾਣੈ।' ਰੋਗ ਕਿਵੇਂ ਦੂਰ ਹੋ ਸਕੇ? ਅਲਪੱਗ ਅਕਲਾਂ ਵਾਲੇ ਸਹਿਸ ਸਿਆਣਪਾਂ ਕਰਿ ਥਕੇ, ਪਰ ਇਹ ਰੋਗ ਨ ਦੂਰ ਹੋਇਆ। 'ਰੋਗੁ ਦਾਰੂ ਦੋਵੈ ਬੁਝੈ ਤਾ ਵੈਦੁ ਸੁਜਾਣੁ'*।

ਐਸਾ ਵੈਦ ਸੁਜਾਨ ਆਮ ਅਲਪਗ ਸੰਸਾਰੀਆਂ ਵਿਚੋਂ ਕਿਵੇਂ ਬਣ ਸਕੇ? ਨਿਰੰਕਾਰੀ ਕਲਾ ਵਾਲੇ ਸਰਬੱਗ ਅਤੇ ਸਮਰੱਥ ਮਹਾਂ ਪੁਰਖ ਅਤੇ ਨਿਰੰਕਾਰ ਦੀ ਧੁਰ ਦਰਗਾਹ ਤੋਂ ਨਾਮ-ਅਉਖਧੀ ਦੀ ਠਿਰੰਕਾਰੀ ਦਾਤਿ ਲੈ ਕੇ ਗੁਰੂ ਨਾਨਕ ਨਿਰੰਕਾਰੀ ਇਸ ਸੰਸਾਰ ਵਿਖੇ ਵੈਦ, ਰੋਗੀਆਂ ਦੇ ਹੋ ਕੇ ਪ੍ਰਗਟੇ। ਇਸ ਵੈਦ-ਗੁਰੂ ਦੀ ਅਕਲ ਕਲਾ ਨੂੰ ਅਲਪਗ ਰੋਗੀ ਜੀਵ ਕੀ ਜਾਣਨ? ਉਹਨਾਂ ਨੂੰ ਤਾਂ ਏਨੀ ਹੋਸ਼ ਭੀ ਨਹੀਂ ਕਿ ਅਸੀਂ ਰੋਗੀ ਹਾਂ। ਰੋਗਾਂ ਵਿਚ ਲਥ ਪਥ ਹੋਇਆਂ ਨੂੰ ਭੀ ਆਪਣੇ ਅਸਾਧ ਰੋਗਾਂ ਦਾ ਅਹਿਸਾਸ ਨਹੀਂ। ਭਲਾ ਓਹ ਰੋਗ-ਨਵਿਰਤੀ ਦਾ ਤਰਲਾ ਕਿਵੇਂ ਲੈਣ?

---

*ਵਾਰ ਮਾਝ, ਮਹਲਾ ੨ ॥੨॥ (੨੨) ਪੰਨਾ ੧੪੮



www.AKJ.Org

ਸੱਚੇ ਵੈਦ ਸਤਿਗੁਰ ਨਾਨਕ ਦੇਵ ਜੀ ਨੇ ਪਹਿਲਾ ਉਪਕਾਰ ਇਹ ਕੀਤਾ ਕਿ ਡੰਕੇ ਦੀ ਚੋਟ ਨਾਲ ਰੋਗੀਆਂ ਨੂੰ ਰੋਗਾਂ ਦੀ ਸੋਝੀ ਕਰਾਈ। ਰੋਗੀ ਜਦੋਂ ਰੋਗਾਂ ਨੂੰ ਪ੍ਰਤੀਤ ਕਰ ਉਠੇ ਤਾਂ ਬਿਲਲਾਟ ਬੇਨਤੀਆਂ ਕਰ ਉਠੇ। ਇਸ ਬਿਧਿ ਦੂਜੇ ਉਪਕਾਰ-ਡੰਕੇ ਦੁਆਰਾ ਸਤਿਗੁਰ ਨਾਨਕ ਦੇਵ ਜੀ ਨੇ ਰੋਗੀਆਂ ਨੂੰ ਰੋਗ-ਅਉਖਧੀ-ਅਨੂਪਮ ਦਾ ਅਧਿਕਾਰੀ ਬਣਾਇਆ ਅਤੇ ਅਉਖਧ-ਸੰਜਮੀ-ਦਾਰੂ ਗ੍ਰਹਿਣ ਕਰਨ ਲਈ ਜਗਾ ਕੇ ਸਾਵਧਾਨ ਕਰਾਇਆ। ਬਸ ! ਫੇਰ ਕੀ ਸੀ, ਫੇਰ ਤਾਂ ਤਨਕ ਮਾਤਰ ਨਾਮ ਦੀ ਅੰਮ੍ਰਿਤ ਬੂੰਦ ਪਾਨ ਦਵਾਰੇ ਜਨਮ ਜਨਮ ਦੇ ਰੋਗੀਆਂ ਨੂੰ ਅਮਰ ਕਰ ਦਿੱਤਾ। ਐਸਾ ਅਰੋਗ ਕੀਤਾ ਕਿ ਫਿਰ ਰੋਗ ਦੀ ਸਮਾਈ ਨਾ ਰਹੀ। ਇਹ ਸੱਚਾ ਉਪਕਾਰ ਸੱਚੇ ਵੈਦ ਗੁਰੂ, ਗੁਰੂ ਨਾਨਕ ਸਾਹਿਬ ਜੀ ਮਹਾਰਾਜ ਨੇ ਤ੍ਰਿਲੋਕੀ ਦੇ ਰੋਗਾਂ ਨਾਲ ਤਰੱਕ ਰਹੇ ਅਤੇ ਤ੍ਰਾਹ ਤ੍ਰਾਹ ਕਰ ਰਹੇ ਜੀਵਾਂ ਉਤੇ ਤਰਸ ਖਾ ਕੇ ਕੇਵਲ ਉਪਕਾਰ ਦੀ ਖ਼ਾਤਰ ਹੀ ਕੀਤਾ। ਸਚ ਮੁਚ "ਜੀਅ ਦਾਨੁ ਦੇ ਭਗਤੀ ਲਾਇਨਿ, ਹਰਿ ਸਿਉ ਲੈਨਿ ਮਿਲਾਏ"† ਵਾਲਾ ਉਪਕਾਰ ਸੱਚਾ ਅਤੇ ਸਭ ਤੋਂ ਉੱਚਾ ਸੁੱਚਾ ਪਰਉਪਕਾਰ ਹੈ। ਐਸੇ ਪਰਉਪਕਾਰੀ ਜਨ ਪ੍ਰਿਥਮ ਇਸ ਸੰਸਾਰ ਉਤੇ ਕਲਜੁਗ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਹੀ ਪ੍ਰਗਟ ਹੋਏ। ਵਾਹ ! 'ਜੇਵਡੁ ਆਪਿ ਤੇਵਡ ਤੇਰੀ ਦਾਤਿ ॥'‡ ਅਜਿਹੀ ਉਚੀ ਸੁਚੀ ਧੁਰ ਦੇ ਮਹਾਂ ਪੁਰਖਾਂ ਪ੍ਰਤੀ ਧੁਰੋਂ ਆਈ ਨਾਮ-ਦਾਤਿ-ਦਾਰੂ ਦੀ ਅਗੰਮ ਫ਼ਿਲਾਸਫ਼ੀ ਨੂੰ ਅਲਪੱਗ ਅਕਲਾਂ ਵਾਲੇ ਸੰਸਾਰੀ ਲੋਕ ਆਪਣੀ ਮਨ ਦੀ ਮਤਿ ਦੁਆਰਾ ਜਾਂਚਿਆ ਲੋੜਦੇ ਹਨ। ਕਿਡੀ ਅਹਿਮਕਾਨਾ ਹਰਕਤ ਹੈ ! ਗੁਰੂ ਦੀ ਏਵਡ ਉੱਚੀ ਨਿਰੰਕਾਰੀ ਦਾਤਿ ਨੂੰ ਗੁਰੂ ਦੀ ਬਖਸ਼ੀ ਮਤਿ—ਗੁਰੂ ਮਤਿ—ਦੁਆਰਾ ਹੀ ਲਖਿਆ ਪਰਖਿਆ ਜਾ ਸਕਦਾ ਹੈ।

ਅੰਮ੍ਰਿਤ ਨਾਮ ਦੁਆਰਾ ਅਮਰ ਹੋਈ ਮਤਿ ਹੀ ਸੱਚੀ ਗੁਰਮਤਿ ਹੈ। ਲੋਕੀ ਪਈ ਸਹਿਸ ਸਿਆਣਪਾਂ ਵਿਚ ਖਚਤ ਹੋਈ ਫਿਰਦੀ ਹੈ। ਪਹਿਲਾਂ ਤਾਂ ਕਿਸੇ ਨੂੰ ਨਾਮ ਦੇ ਉਪਰ ਸ਼ਰਧਾ ਹੀ ਨਹੀਂ ਆਉਂਦੀ। ਜੇ ਭਲਾ ਗੁਰੂ ਦਾ ਨਾਮ-ਧਰੀਕ ਸਿਖ ਬਣਨ ਕਰਕੇ ਕਿਸੇ ਪ੍ਰਾਣੀ ਨੂੰ ਨਾਮ ਉਤੇ ਸ਼ਰਧਾ ਆ ਭੀ ਗਈ ਤਾਂ "ਨਾਮ ਦੀ ਪਾਰਸ-ਕਲਾ" ਉਤੇ ਸ਼ਰਧਾ ਨਹੀਂ ਆਉਂਦੀ। ਐਵੇਂ ਨਿਕੰਮੀਆਂ ਉਕਤੀਆਂ ਯੁਕਤੀਆਂ ਦੁਆਰੇ ਧਿਙਾਣੇ ਪਏ ਖਿੱਚੋਤਾਣ ਕਰਾਉਂਦੇ ਫਿਰਦੇ ਹਨ। ਆਪਣੀਆਂ ਮਨ ਦੀਆਂ ਮਤਾਂ ਨਾਲ ਪਏ ਯੁਕਤੀਆਂ ਘੜਦੇ ਹਨ। ਓਹਨਾਂ ਦੇ ਭਾ ਦਾ ਨਾਮ ਓਹ ਹੋਣਾ ਚਾਹੀਦਾ ਹੈ, ਜਿਸ ਦੇ ਸਮਝਣ ਵਿਚ ਬਹੁਤੀਆਂ ਗੁੰਝਲਾਂ ਹੋਣ। ਪਏ ਅਕਲੀ ਢਕੌਂਸਲੇ ਦੁੜਾਉਂਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਮੱਗਰ ਬਾਣੀ ਪੁਕਾਰ ਪੁਕਾਰ ਕੇ ਨਾਮ ਜਪਣ ਦਾ ਢੰਡੋਰਾ ਦਿੰਦੀ ਹੈ, ਪਰ ਮਨ ਦੀ ਮਤਿ ਨਾਲ ਮੈਲੀਆਂ ਹੋਈਆਂ ਸ੍ਰੋਤ-ਸੁਰਤੀਆਂ ਉਤੇ ਟਕੋਰ ਹੀ ਨਹੀਂ ਵਜਦੀ। ਸਤਿਗੁਰ ਸੱਚੇ ਪਾਤਸ਼ਾਹ ਦਾ ਹੁਕਮਾਂ ਸਿਰ ਹੁਕਮ ਸਿਫਤ-ਸਲਾਹ ਹੈ। ਇਸ ਹੁਕਮ ਨੂੰ ਮੰਨ ਕੇ ਹੀ, ਇਸ ਹੁਕਮ ਉਪਰ ਚਲ ਕੇ ਅਸੀਂ ਹੁਕਮੀ ਬੰਦੇ ਸਿਖ ਅਖਵਾ ਸਕਦੇ ਹਾਂ। ਇਸ ਹੁਕਮ ਉਪਰ ਚੱਲੇ ਬਿਹੂਣ ਅਸੀਂ ਆਤਮ ਰਹੱਸ, ਆਤਮ ਕਲਾ ਤੋਂ ਕੋਰੇ ਅਤੇ ਝੂਠੇ ਨਾਮ-ਧਰੀਕ ਸਿਖ ਹੀ ਹਾਂ। ਗੁਰਮੁਖ ਪਦਵੀ ਸਾਨੂੰ ਪ੍ਰਾਪਤ ਨਹੀਂ ਹੋ ਸਕਦੀ, ਜਦ ਤਾਈਂ ਕਿ ਸੁਆਸ ਸੁਆਸ ਨਾਮ ਅਭਿਆਸ ਦਾ ਪਰਚਾ ਅਸਾਡੇ ਅੰਤਰ ਆਤਮੇ ਨਾ ਪੈ ਜਾਵੇ। ਇਸ ਸੁਆਸ ਸੁਆਸ ਅਭਿਆਸ ਨੂੰ ਦ੍ਰਿੜ੍ਹਾਵਣ ਹਿਤ ਸਮੂਹ ਗੁਰਬਾਣੀ ਗੁਰ-ਫ਼ੁਰਮਾਨ ਹੋ ਕੇ ਅਸਾਨੂੰ ਖਿਨ ਖਿਨ ਹਦਾਇਤ ਕਰਦੀ ਹੈ। ਜੇ ਅਸੀਂ ਏਸ ਸੱਚੇ ਗੁਰ-ਫ਼ੁਰਮਾਨ ਨੂੰ. ਹੁਕਮਨ ਸਿਰ ਹੁਕਮ ਸਿਫਤ ਸਾਲਾਹ ਨੂੰ ਨਾ ਮੰਨੀਏ ਅਤੇ ਇਸ ਦੀ ਕਮਾਈ ਨਾ ਕਰੀਏ ਤਾਂ ਕੀ ਅਸੀਂ ਸਚਿਆਰ ਸਿਖ, ਸਤਿਗੁਰੂ ਦੇ ਆਗਿਆਕਾਰ ਸਿਖ ਸਦਵਾਉਣ ਦੇ ਅਧਿਕਾਰੀ ਸਦਾ ਸਕਦੇ ਹਾਂ ? ਨਹੀਂ ! ਕਦਾਚਿਤ ਨਹੀਂ। ਸਗੋਂ ਇਸ ਤਤਸਾਰ ਹੁਕਮ ਦੀ ਨਾ-ਫ਼ੁਰਮਾਨੀ ਕਰਦੇ ਹੋਏ ਅਸੀਂ ਇਕ ਪ੍ਰਕਾਰ ਸਤਿਗੁਰੂ ਤੋਂ ਬਾਗੀ ਅਤ ਮੁਨਹਰਫ਼ ਨਾਮ-ਧਰੀਕ ਸਿਖ ਹਾਂ। ਸੱਚ ਤਾਂ ਇਹ ਹੈ ਕਿ ਅਸੀਂ ਸਤਿਗੁਰੂ ਦੀ ਬਾਣੀ ਸਤਿ ਸਤਿ ਕਰਕੇ ਨਹੀਂ

†ਸੂਹੀ ਮਹਲਾ ੫. ॥੨॥ (੪॥੭॥੫੪) ਪੰਨਾ ੭੪੯

‡ਆਸਾ ਮ: ੧, ॥੪॥੨॥ ਪੰਨਾ ੩੪੯



www.AKJ.Org

ਮੰਨਦੇ, ਜੈਸਾ ਕਿ ਹੁਕਮ ਹੈ—

ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ
ਹਰਿ ਕਰਤਾ ਆਪਿ ਮੁਹਹੁ ਕਢਾਏ ॥੨॥ (੧੪)

ਗਉੜੀ ਕੀ ਵਾਰ, ਮਹਲਾ ੪, ਪੰਨਾ ੩੦੮

ਜੇ ਅਸੀਂ ਸਤਿਗੁਰ ਦੀ ਬਾਣੀ ਸਤਿ ਸਤਿ ਕਰ ਮੰਨੀਏ ਤਾਂ ਅਸੀਂ ਇਕ ਵਿਖ ਇਕ ਨਿਮਖ ਭਰ ਭੀ ਸਤਿਗੁਰ ਦੇ ਹੁਕਮ ਤੋਂ ਬਾਹਰ ਨਹੀਂ ਚਲ ਸਕਦੇ ਅਤੇ ਆਪਣਾ ਕੋਈ ਸੁਆਸ ਭੀ ਨਾਮ ਅਭਿਆਸ ਤੋਂ ਸਖਣਾ ਅਤੇ ਬਿਰਥਾ ਨਹੀਂ ਗੁਆ ਸਕਦੇ। ਨਿਤਾਪ੍ਰਤਿ ਗੁਰਬਾਣੀ ਦਾ ਪਾਠ ਕਰਦੇ ਹੋਏ ਅਸੀਂ ਇਸ ਸੱਚੇ ਹੁਕਮ ਦਾ ਉਲੰਘਣ ਕਰਦੇ ਹਾਂ। ਕਾਰਨ ਇਹ ਕਿ ਅਸਾਨੂੰ ਇਹ ਹੁਕਮ ਪੁੱਹਦਾ ਨਹੀਂ। ਅਸਾਡੇ ਹਿਰਦੇ ਅੰਦਰ ਇਸ ਹੁਕਮ ਨੂੰ ਸਤਿ ਕਰਿ ਮੰਨਣ ਦੀ ਸ਼ਰਧਾ ਨਹੀਂ ਉਪਜੀ।

## ਕੀ ਨਾਮ ਜਪਣਾ ਫੋਕੀ ਕਾਰ ਹੈ ?

ਕਈ ਸਜਣ ਉਕਤੀ ਯੁਕਤੀ ਨੂੰ ਮੁਖ ਰਖ ਕੇ ਕਹਿ ਦਿਆ ਕਰਦੇ ਹਨ ਕਿ ਬਾਣੀ ਦਾ ਪਾਠ ਮਾਤਰ ਕਰਨਾ ਯਾ ਨਾਮ ਜਪੀ ਜਾਣਾ ਐਵੇਂ ਬੱਕਰੀ ਵਾਂਗੂੰ ਮੂੰਹ ਮਾਰਨਾ ਹੈ, ਚਾਹੇ ਵਾਹਿਗੁਰੂ ਵਾਹਿਗੁਰੂ ਕਹੀ ਜਾਓ, ਚਾਹੇ ਪੱਥਰ ਪੱਥਰ ਕਹੀ ਜਾਓ, ਸਭ ਇਕ ਸਮਾਨ ਹੈ, ਕੋਈ ਅਸਰ ਨਹੀਂ ਰਖਦਾ। ਬਾਣੀ ਨੂੰ ਵਿਚਾਰਨਾ ਅਤੇ ਗੁਰ-ਸ਼ਬਦਾਂ ਦੇ ਭਾਵ ਨੂੰ ਜਾਣਨਾ ਹੀ ਨਾਮ ਅਭਿਆਸ ਹੈ। ਇਸ ਤੋਂ ਵਖਰਾ ਹੋਰ ਕੋਈ ਨਾਮ ਨਹੀਂ।

ਪਰ ਉਹਨਾਂ ਨੂੰ ਇਹ ਪਤਾ ਨਹੀਂ ਕਿ ਇਸ ਧੁਰ ਦੀ ਬਾਣੀ ਅੰਦਰ ਪਾਰਸ-ਕਲਾ ਅੰਮ੍ਰਿਤ ਕਲਾ ਹੈ, ਜਿਸ ਦੇ ਪਰਸਣ ਕਰਕੇ ਹੀ ਮਨ-ਬੁਧੀ ਆਪਣੇ ਆਪ ਹੀ ਸ਼ਿਕਲ ਹੁੰਦੇ ਚਲੇ ਜਾਂਦੇ ਹਨ, ਕੇਵਲ ਅਸਾਡੇ ਰਟਨ ਕਰਕੇ ਬਾਣੀ ਪਰਸਣ ਦੀ ਅਤੇ ਨਾਮ ਨੂੰ ਰਟਨ ਕਰਨ ਦੀ ਲੋੜ ਹੈ। ਅੰਮ੍ਰਿਤ-ਕਲਾ ਪਾਰਸ ਰੂਪ ਨਾਮ ਬਾਣੀ ਨੇ ਆਪਣੇ ਆਪ ਹੀ ਵਰਤਾਉਣੀ ਹੈ।

ਹੇਠ ਲਿਖੇ ਗੁਰਬਾਣੀ-ਪ੍ਰਮਾਣ ਬਾਣੀ ਅਤੇ ਨਾਮ ਦੀ ਕਲਾ ਪ੍ਰਥਾਇ ਆਪ ਹੀ ਸਾਰੇ ਭਾਵ ਨੂੰ ਸਪੱਸ਼ਟ ਕਰਦੇ ਹਨ :—

ਅੰਮ੍ਰਿਤ ਬਚਨ ਸਤਿਗੁਰ ਕੀ ਬਾਣੀ ਜੋ ਬੋਲੈ ਸੋ ਮੁਖਿ ਅੰਮ੍ਰਿਤੁ ਪਾਵੈ ॥੨॥(੪॥੬)

ਗੂਜਰੀ ਮ: ੪, ਪੰਨਾ ੪੯੪

ਅੰਮ੍ਰਿਤੁ ਹਰਿ ਹਰਿ ਨਾਮੁ ਹੈ ਮੇਰੀ ਜਿੰਦੁੜੀਏ ਅੰਮ੍ਰਿਤੁ ਗੁਰਮਤਿ ਪਾਏ ਰਾਮ ॥
ਹਉਮੈ ਮਾਇਆ ਬਿਖੁ ਹੈ ਮੇਰੀ ਜਿੰਦੁੜੀਏ ਹਰਿ ਅੰਮ੍ਰਿਤਿ ਬਿਖੁ ਲਹਿ ਜਾਏ ਰਾਮ ॥
ਮਨੁ ਸੁਕਾ ਹਰਿਆ ਹੋਇਆ ਮੇਰੀ ਜਿੰਦੁੜੀਏ ਹਰਿ ਹਰਿ ਨਾਮੁ ਧਿਆਏ ਰਾਮ ॥੧॥(੪॥੨)

ਬਿਹਾਗੜਾ ਮ: ੪, ਪੰਨਾ ੫੩੮

ਸਤਿਗੁਰ ਕੀ ਸੇਵਾ ਗਾਖੜੀ ਸਿਰੁ ਦੀਜੈ ਆਪੁ ਗਵਾਇ ॥
ਸਬਦਿ ਮਰਹਿ ਫਿਰਿ ਨਾ ਮਰਹਿ ਤਾ ਸੇਵਾ ਪਵੈ ਸਭ ਥਾਇ ॥
ਪਾਰਸ ਪਰਸਿਐ ਪਾਰਸੁ ਹੋਵੈ ਸਚਿ ਰਹੈ ਲਿਵ ਲਾਇ ॥੧॥(੧੮)

ਵਾਰ ਸੋਰਠ, ਸਲੋਕੁ ਮ: ੩, ਪੰਨਾ ੬੪੯

ਗੁਰਬਾਣੀ ਸੁਣਿ ਮੈਲੁ ਗਵਾਏ ॥
ਸਹਜੇ ਹਰਿ ਨਾਮੁ ਮੰਨਿ ਵਸਾਏ ॥੧॥ਰਹਾਉ॥(੪॥੫) ਧਨਾਸਰੀ ਮ: ੩, ਪੰਨਾ ੬੬੫
ਮਨੁ ਮਰੈ ਧਾਤੁ ਮਰਿ ਜਾਇ ॥ ਬਿਨੁ ਮਨੁ ਮੂਏ ਕੈਸੇ ਹਰਿ ਪਾਇ ॥
ਇਹੁ ਮਨੁ ਮਰੈ ਦਾਰੂ ਜਾਣੈ ਕੋਇ ॥ ਮਨੁ ਸਬਦਿ ਮਰੈ ਬੂਝੈ ਜਨੁ ਸੋਇ ॥੧॥(੪॥੬)

ਧਨਾਸਰੀ ਮ: ੩, ਪੰਨਾ ੬੬੫



www.AKJ.Org

ਨਾਮੁ ਕਹਤ ਗੋਵਿੰਦ ਕਾ ਸੂਚੀ ਭਈ ਰਸਨਾ ॥
ਮਨੁ ਤਨੁ ਨਿਰਮਲੁ ਹੋਈਹੈ ਗੁਰ ਕਾ ਜਪੁ ਜਪਨਾ ॥੧॥ਰਹਾਉ॥ (੪॥੧੩॥੪੩)

ਬਿਲਾਵਲੁ ਮ: ੫, ਪੰਨਾ ੮੧੧

ਹਮ ਕੁਚਲ ਕੁਚੀਲ ਅਤਿ ਅਭਿਮਾਨੀ ਮਿਲਿ ਸਬਦੇ ਮੈਲੁ ਉਤਾਰੀ ॥੧॥
ਸੰਤਹੁ ਗੁਰਮੁਖਿ ਨਾਮਿ ਨਿਸਤਾਰੀ ॥
ਸਚਾ ਨਾਮੁ ਵਸਿਆ ਘਟ ਅੰਤਰਿ ਕਰਤੈ ਆਪਿ ਸਵਾਰੀ ॥੧॥ਰਹਾਉ॥
ਪਾਰਸ ਪਰਸੇ ਫਿਰਿ ਪਾਰਸੁ ਹੋਏ ਹਰਿ ਜੀਉ ਅਪਣੀ ਕਿਰਪਾ ਧਾਰੀ ॥੨॥

ਰਾਮਕਲੀ ਮਹਲਾ ੩, ਪੰਨਾ ੯੧੦-੧੧

ਗੁਰ ਪਾਰਸ ਹਮ ਲੋਹ ਮਿਲਿ ਕੰਚਨੁ ਹੋਇਆ ਰਾਮ ॥
ਜੋਤੀ ਜੋਤਿ ਮਿਲਾਇ ਕਾਇਆ ਗੜੁ ਸੋਹਿਆ ਰਾਮ ॥
ਕਾਇਆ ਗੜੁ ਸੋਹਿਆ ਮੇਰੈ ਪ੍ਰਭਿ ਮੋਹਿਆ ਕਿਉ ਸਾਸਿ ਗਿਰਾਸਿ ਵਿਸਾਰੀਐ ॥
ਅਦ੍ਰਿਸਟੁ ਅਗੋਚਰੁ ਪਕੜਿਆ ਗੁਰ ਸਬਦੀ ਹਉ ਸਤਿਗੁਰ ਕੈ ਬਲਿਹਾਰੀਐ ॥੪॥੧॥

ਤੁਖਾਰੀ ਮਹਲਾ ੪, ਪੰਨਾ ੧੧੧੪

ਗੁਰ ਸਬਦੀ ਮਨੁ ਬੇਧਿਆ ਪ੍ਰਭੁ ਮਿਲਿਆ ਆਪਿ ਹਦੂਰਿ ॥੨॥ (੨੯॥੫੯)

ਸਿਰੀ ਰਾਗੁ ਮ: ੩, ਪੰਨਾ ੩੭

ਰਸਨਾ ਸਚਾ ਸਿਮਰੀਐ ਮਨੁ ਤਨੁ ਨਿਰਮਲੁ ਹੋਇ ॥੧॥ (੧੯॥੮੯)

ਸਿਰੀ ਰਾਗੁ ਮ: ੫, ਪੰਨਾ ੪੯

ਗੁਰਿ ਅੰਮ੍ਰਿਤ ਨਾਮੁ ਪੀਆਲਿਆ ਜਨਮ ਮਰਨ ਕਾ ਪਥੁ ॥੩॥ (੨੦॥੯੦)

ਸਿਰੀ ਰਾਗੁ ਮ: ੫, ਪੰਨਾ ੪੯

ਦੂਖੁ ਕਲੇਸੁ ਨ ਭਉ ਬਿਆਪੈ ਗੁਰਮੰਤ੍ਰੁ ਹਿਰਦੈ ਹੋਇ...॥੨॥ (੨੪॥੯੪)

ਸਿਰੀ ਰਾਗੁ ਮ: ੫, ਪੰਨਾ ੫੧

ਇਸ ਪ੍ਰਕਾਰ ਨਾਮ ਨਾਮੀ ਦੀ ਅਭੇਦਤਾ ਦੇ ਬੇਅੰਤ ਗੁਰ-ਪ੍ਰਮਾਣ ਹਨ, ਜਿਨ੍ਹਾਂ ਤੋਂ ਨਾਮ ਬਾਣੀ ਦੀ ਪਾਰਸ ਕਲਾ ਪ੍ਰਸਿੱਧ ਹੈ।

ਇਸ ਪਾਰਸ-ਕਲਾ ਕਰਿ ਹੀ ਨਾਮ ਨਾਮੀ ਨਾਲ ਅਭੇਦ ਹੈ। ਏਸੇ ਪਾਰਸ-ਕਲਾ ਕਰਿ ਹੀ 'ਨਾਮ' ਨਾਮੀ ਦਾ ਲਖਾਇਕ ਹੈ। ਇਸ ਪਾਰਸ-ਕਲਾ ਕਰਿ ਹੀ ਨਾਮ ਜੋਤਿ ਪ੍ਰਕਾਸ਼ਕ ਹੈ; ਇਸ ਪਾਰਸ-ਕਲਾ ਕਰਿ ਹੀ ਨਾਮ ਗੁਰਮੰਤਰ ਰੂਪ ਹੈ। ਇਸ ਪਾਰਸ-ਕਲਾ ਕਰਿ ਹੀ ਨਾਮ ਘਟ ਅੰਤਰਿ ਅੰਮ੍ਰਿਤ ਰਸ ਆਨੰਦ-ਦਾਈ ਹੈ, ਪ੍ਰੰਤੂ–

ਸੋ ਜਾਨੈ ਜਿਨਿ ਚਾਖਿਆ ਹਰਿ ਨਾਮੁ ਅਮੋਲਾ ॥
ਕੀਮਤਿ ਕਹੀ ਨ ਜਾਈਐ ਕਿਆ ਕਹਿ ਮੁਖਿ ਬੋਲਾ ॥੩॥ (੪॥੩॥੩੩)

ਬਿਲਾਵਲੁ ਮ: ੫, ਪੰਨਾ ੮੦੮

ਇਸ ਅਕਲ-ਕਲਾ ਸੰਪੰਨ ਨਾਮੁ ਰਤਨੁ ਨਿਰਮੋਲਕ ਦੀ ਅਮੁੱਲੀ ਦਾਤਿ ਸਤਿਗੁਰੂ ਨਾਨਕ, ਕੇਵਲ ਸਤਿਗੁਰ ਨਾਨਕ ਦੇਵ ਜੀ ਨੇ ਹੀ ਧੁਰ ਨਿਰੰਕਾਰ ਦੀ ਦਰਗਾਹ ਤੋਂ ਅਸਾਡੇ ਕਲਜੁਗੀ ਜੀਵਾਂ ਦੇ ਉਧਾਰ ਖ਼ਾਤਰ ਲਿਆਂਦੀ, ਜੋ ਸਭ ਦਾਤਾਂ ਤੋਂ ਵੱਡੀ ਦਾਤਿ ਹੈ। ਇਸੇ ਵਡੀ ਦਾਤਿ ਦੇ ਦਾਤਾਰ ਹੋਣ ਕਰਿ ਹੀ ਸਤਿਗੁਰੂ ਨਾਨਕ ਸਭ ਤੋਂ ਵੱਡਾ ਹੈ।

ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ ॥੪॥੧੦॥੫੭॥

ਸੂਹੀ ਮ: ੫, ਪੰਨਾ ੭੫੦

ਧੰਨ ਗੁਰੂ ਨਾਨਕ ਧੰਨ ਗੁਰੂ ਨਾਨਕ

['ਗੁਰਮਤਿ ਪ੍ਰਕਾਸ਼' ਪੁਸਤਕ ਵਿਚੋਂ 'ਸੂਰਾ' ਅੰਮ੍ਰਿਤਸਰ, ਨਵੰਬਰ ੧੯੮੦/੭

www.AKJ.Org

# ਨਿਰੰਕਾਰ ਸਚਖੰਡ ਵਸਦਾ ਭੀ ਸਰਬ-ਵਿਆਪਕ ਹੈ

[ਵਲੋਂ :—ਸਚਖੰਡ ਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ]

ਨਿਰੰਕਾਰ ਅਕਾਲ ਪੁਰਖ ਦਾ ਇਕ-ਦੇਸੀ ਹੋਣਾ ਅਤੇ ਸਰਬ ਵਿਆਪਕ ਹੋਣਾ, ਸਚ ਖੰਡ ਵਾਸੀ ਹੁੰਦੇ ਹੋਏ ਪਾਰਬ੍ਰਹਮ ਨਿਰੰਕਾਰ ਦਾ ਸਰਬ ਨਿਵਾਸੀ ਹੋਣਾ, ਇਸ ਇਲਾਹੀ ਭੇਦ (ਰਮਜ਼) ਨੂੰ ਨਿਰੰਕਾਰੀ ਲੋਕ ਸਚ ਖੰਡ ਦੀ ਗੰਮਤਾ ਵਾਲੇ ਭਗਤ ਜਨ ਹੀ ਜਾਣ (ਲਖ) ਸਕਦੇ ਹਨ । ਉਹ ਏਸ ਭੇਤ ਨੂੰ ਜਾਣਦੇ ਹੋਏ ਜਣਾਉਣ ਦੀ ਸਮਰੱਥਾ ਨਹੀਂ ਰਖਦੇ ।

ਸਰਬ-ਵਿਆਪਕਤਾ ਦੇ ਮਸਲੇ ਦੀ ਕਿਆਸ ਕਿਆਫ਼ਾ ਮਾਤਰ ਮਾਅਕੂਲੀਅਤ ਦੇ ਕਾਇਲ ਅਕਸਰ ਅਕਲੱਈਏ ਫ਼ਲਸਫ਼ਾਦਾਨ ਇਸ ਗੱਲ ਤੋਂ ਮੁਨਕਰ ਹਨ ਕਿ ਕਰਤਾਰ ਸਿਰਜਨਹਾਰ ਦਾ ਕੋਈ ਖਾਸ ਇਕ ਦੇਸ ਸਚਖੰਡ ਨਾਮੇ ਤਬਕਾ ਭੀ ਹੈ, ਜਿਥੇ ਉਹ ਵਸਦਾ ਹੈ । ਸਚ ਖੰਡ ਵਾਸੀ ਹੋਣ ਕਰਕੇ ਉਹ ਆਖਦੇ ਹਨ ਕਿ ਨਿਰੰਕਾਰ ਸਰਬ-ਵਿਆਪਕ ਪਰਮਾਤਮਾ ਇਕ-ਦੇਸੀ ਹੋ ਗਿਆ ।

ਬੱਸ, ਖਾਲਕ ਖ਼ਲਕ ਮਹਿ ਵਸਦਾ ਹੈ । ਕਾਦਰ ਕੁਦਰਤ ਦੀ ਰਚਨਾ ਵਿਖੇ ਹੀ ਵਿਆਪਿਆ ਅਤੇ ਸਮਾਇਆ ਹੋਇਆ ਹੈ । ਇਸ ਤੋਂ ਭਿੰਨ ਹੋਰ ਕਿਤੇ ਇਕ ਖਾਸ ਤਬਕੇ ਵਿਚ ਨਹੀਂ ਵਸਦਾ । ਖ਼ਾਲਕ ਨੂੰ ਖ਼ਲਕਤ ਤੋਂ ਨਿਆਰਾ ਨੌਵੇਂ, ਦਸਵੇਂ ਅਸਮਾਨ ਵਿਚ ਇਕ-ਦੇਸੀ ਦਰਸਾਉਣਹਾਰੇ ਰਸੂਲ ਪੈਗੰਬਰ ਅਉਲੀਏ ਇਸ ਘੁੰਡੀ ਨੂੰ ਨਹੀਂ ਖੋਲ੍ਹ ਸਕੇ ਅਤੇ ਇਸ ਰਾਜ਼ੇ-ਹਕੀਕੀ ਨੂੰ ਹਲ ਕਰਨੋਂ ਕਾਸਰ (ਅਸਮ੍ਰਥ)ਹਨ ਕਿ ਦਸਮੇ ਅਸਮਾਨ ਵਿਚ ਵਸਦਾ ਹੋਇਆ ਕਾਦਰੇ ਮੁਤਲਕ ਖ਼ੁਦਾ ਕਿਵੇਂ ਆਪਣੀ ਕੁਦਰਤ ਕਾਇਨਾਤ ਵਿਚ ਭੀ ਵਸਦਾ ਹੈ । ਇਸ ਘੁੰਡੀ ਨੂੰ ਖੋਲ੍ਹਿਆ ਹੈ ਤਾਂ ਕੇਵਲ ਸਤਿਗੁਰ ਨਾਨਕ ਸਾਹਿਬ ਜੀ ਨੇ ਹੀ ਖੋਲ੍ਹਿਆ ਹੈ ਅਤੇ ਖੋਲ੍ਹ ਕੇ ਸਾਂਗੋ-ਪਾਂਗ ਆਪਣੇ ਨਦਰ-ਕਰੰਮੀ ਸਿਖਾਂ ਨੂੰ ਦਰਸਾ ਦਿਤਾ ਹੈ । ਇਸ ਇਕੋ ਮੁਹਵਾਕੀ ਤੁਕ ਅੰਦਰ ਹੀ ਕੈਸਾ ਅਧਿਭੁਤ ਰਾਜ਼-ਅਫ਼ਸ਼ਾਨੀ ਨਿਸਤਾਰਾ ਕਰ ਵਿਖਾਇਆ ਹੈ—

ਜਿਉ ਸੂਰਜੁ ਕਿਰਣਿ ਰਵਿਆ ਸਰਬ ਠਾਈ ਸਭ ਘਟਿ ਘਟਿ ਰਾਮੁ ਰਵੀਜੈ ॥੪॥

[ਕਲਿਆਨ ਮ: ੪, ਪੰਨਾ ੧੩੨੬

ਇਸ ਗੁਰ ਪ੍ਰਮਾਣ ਮਈ ਉਦਾਹਰਨ ਨੇ ਕੈਸੀ ਅਸਚਰਜ ਘੁੰਡੀ ਖੋਲ੍ਹੀ ਹੈ । ਅਹੱਲ ਰਾਜ਼ ਦਾ ਹੱਲ ਕਰ ਦਿਖਾਇਆ ਹੈ । ਸੂਰਜ ਇਕ ਥਾਉਂ ਹੁੰਦਾ ਹੋਇਆ ਕਿਰਣਾਂ ਦੀ ਕ੍ਰਿਸ਼ਮਤਾ ਕਰਕੇ ਸਰਬ ਥਾਈਂ ਹੀ ਮਉਜੂਦ ਹੈ । ਸੂਰਜ ਦੀਆਂ ਬੇਅੰਤ ਕਿਰਣਾਂ ਜਿਥੇ ਜਿਥੇ ਭੀ ਪੈਂਦੀਆਂ ਹਨ, ਉਥੇ ਉਥੇ ਹੀ ਉਹਨਾ ਕਿਰਣਾਂ ਬਾਣੀ ਸੂਰਜ ਦਾ ਜ਼ਹੂਰ ਮਉਜੂਦ ਹੈ । ਸੂਰਜ ਦੀ ਇਕ ਕਿਰਣ ਭੀ ਜਿਥੇ ਪੈਂਦੀ ਹੈ ਉਥੇ ਹੀ ਸੂਰਜ ਜ਼ਹੂਰ ਪਜ਼ੀਰ ਹੈ । ਭਾਵੇਂ ਸੂਰਜ ਦੇ ਅਸਲੀ ਅਸਥਾਨ ਸਰੂਪ ਤੋਂ ਕਰੋੜਾਂ ਕੋਹਾਂ ਦੂਰ ਏਹ ਕਿਰਣ ਜਾ ਕੇ ਕਿਰਣਤ ਹੋਵੇ; ਪਰ ਇਸ ਕਿਰਣ ਦੁਆਰਾ ਤਿਥੇ ਹੀ ਸੂਰਜ ਜ਼ਹੂਰ ਪਜ਼ੀਰ ਹੈ । ਸਰਬ ਥਾਈਂ ਜਿਥੇ ਜਿਥੇ ਭੀ ਸੂਰਜ ਦੀਆਂ ਕਿਰਣਾਂ ਪਹੁੰਚਦੀਆਂ ਹਨ ਤਿਥੇ ਤਿਥੇ ਇਕੋ ਸੂਰਜ ਜ਼ਹੂਰ ਪਜ਼ੀਰ ਹੈ । ਇਕ-ਦੇਸੀ ਹੁੰਦਾ ਹੋਇਆ ਭੀ ਸਰਬ-ਦੇਸੀ ਹੈ ਤੇ ਇਸੇ ਕਿਰਣ ਕ੍ਰਿਸ਼ਮ ਕਰਕੇ ਹੈ । ਏਸੇ ਪਰਕਾਰ ਰਮਤ ਰਾਮ ਵਾਹਿਗੁਰੂ ਅਕਾਲ ਪੁਰਖ ਪਾਰਬ੍ਰਹਮ ਨਿਰੰਕਾਰ ਜੋਤਿ-ਕਿਰਣ-ਪ੍ਰਕਾਸ਼ੀ ਹੋਣ ਕਰਕੇ ਸਚ ਖੰਡ ਵਾਸੀ ਹੁੰਦਾ ਹੋਇਆ ਭੀ ਘਟਿ ਘਟਿ ਵਾਸੀ ਸਰਬ ਨਿਵਾਸੀ ਹੈ ।

ਇਹ ਸੂਰਜ ਤਾਂ ਏਹਨਾਂ ਦ੍ਰਿਸ਼ਟਮਾਨ ਅੱਖੀਆਂ ਦੁਆਰਾ ਦੀਹਦਾ ਹੈ, ਪਰ ਉਹ ਸੂਰਜਾਂ ਦਾ ਸੂਰਜ ਦਿਬ ਦ੍ਰਿਸ਼ਟੇ ਲੋਇਣਾਂ ਦੁਆਰਾ ਦ੍ਰਿਸ਼ਟੀ ਆਉਂਦਾ ਹੈ । ਏਸ ਸੂਰਜ ਨੂੰ ਤਾਂ ਇਹ ਪੰਜ ਭੂਤਕ ਅਖੀਆਂ ਕੇਵਲ



www.AKJ.Org

ਦਿਨ ਸਮੇਂ ਹੀ ਦੇਖ ਸਕਦੀਆਂ ਹਨ, ਉਮ ਸੂਰਜਾਂ ਸਿਰ ਸੱਚੇ ਸੂਰਜ ਨੂੰ "ਸਤਿਗੁਰਿ ਮਿਲਿਐ ਦਿਬ-ਦ੍ਰਿਸਟਿ ਹੋਈ"* ਦ੍ਰਿਸ਼ਟੀ ਦਿਨ ਰੈਨ ਹੀ ਦੇਖਦੀ ਹੈ। ਇਹ ਦ੍ਰਿਸ਼ਟਮਾਨ ਸੂਰਜ ਤਾਂ ਦਿਨੇ ਭੀ ਪੰਜ ਭੂਤਕ ਅਖੀਆਂ ਦੇ ਉਹਲੇ ਹੋ ਜਾਂਦਾ ਹੈ, ਦਿਬ-ਦ੍ਰਿਸ਼ਟੇ ਲੋਇਣਾਂ ਨੂੰ ਅਦ੍ਰਿਸ਼ਟੋਂ ਇਕ ਵਾਰ ਦ੍ਰਿਸ਼ਟੀ ਆਇਆ ਸੂਰਜਾਂ ਦਾ ਸੂਰਜ਼ ਫੇਰ ਕਦੇ ਕਿਸੇ ਵੇਲੇ ਭੀ ਦ੍ਰਿਸ਼ਟੀ ਅਗੋਚਰ ਨਹੀਂ ਹੋਂਵਦਾ ਹੈ। ਇਹ ਤਪਤ ਕਿਰਨਾਂ ਵਾਲਾ ਸੂਰਜ ਆਪਣੀ ਕਿਰਨ ਕਰਕੇ ਸਿਰਫ ਉਹਨਾਂ ਪਧਰ ਠਉਰ ਠਾਵਾਂ ਤੇ ਮੁਕਾਮਾਂ ਉਤੇ ਹੀ ਉਦੇ ਹੁੰਦਾ ਹੈ, ਜਿਥੇ ਜਿਥੇ ਇਸ ਦੀਆਂ ਕਿਰਨਾਂ ਪਹੁੰਚਦੀਆਂ ਹਨ, ਜ਼ਮੀਨ-ਦੋਜ਼ ਗਫਾ ਅਸਥਾਨਾਂ ਅਤੇ ਉਹਨਾਂ ਠਉਰ ਮੁਕਾਮਾਂ ਉਤੇ ਜਿਥੇ ਕਿ ਇਸ ਦੀਆਂ ਕਿਰਨਾਂ ਨਹੀਂ ਪਹੁੰਚਦੀਆਂ, ਏਹ ਪ੍ਰਗਟ ਨਹੀਂ ਦਿਸਦਾ, ਪਰ ਮੇਰਾ ਸੂਰਜਾਂ ਦਾ ਸੁਲਤਾਨ ਸੱਚਾ ਸੂਰਜ ਘਟਾਂ, ਪਟਾਂ, ਨਭਾਂ, ਕੰਦਰਾਂ, ਗੁਫਾਵਾਂ ਅੰਦਰ ਭੀ ਦਿਨ ਰੈਣ ਆਪਣੇ ਪਰਜੁਅਲਤ ਸਰੂਪ ਵਿਚ ਰਵ ਰਹਿਆ ਦਿਬ-ਦ੍ਰਿਸ਼ਟੇ ਗੁਰਮੁਖ ਜਨਾਂ ਨੂੰ ਘਟ ਪਰਗਾਸੀ ਭਗਤ ਜਨਾਂ ਨੂੰ ਹੂਬਹੂ ਨਜ਼ਰੀ ਆਂਵਦਾ ਹੈ। ਅਤੇ ਵਿਸ਼ੇਸ਼ ਵਾਧਾ ਇਹ ਹੈ ਕਿ ਇਹ ਮੇਰਾ ਨੂਰ-ਕਿਰਨ-ਠਰੂਰੀ ਸੂਰਜਾਂ ਦਾ ਸੂਰਜ ਆਪਣੇ ਨਿਕਟ ਤੋਂ ਨਿਕਟ ਨਿਵਾਸੀ ਸਚ ਖੰਡ ਵਾਸੀ ਭਗਤ ਜਨਾਂ ਨੂੰ ਅਤੇ ਦੂਰ ਤੋਂ ਦੂਰ ਵਸ ਰਹੇ ਆਪਣੇ ਨੂਰ-ਨਿਵਾਜੀਆਂ ਨੂੰ ਭੀ ਸਾਮਾਨ ਹੀ, ਆਪਣੇ ਨਿਰੰਕਾਰੀ ਸਰੂਪ ਵਿਚ ਜਿਉਂ ਕਾ ਤਿਉਂ ਨਜ਼ਰੀ ਆਂਵਦਾ ਹੈ, ਘਟ ਵਧ ਨਹੀਂ। ਮੁਸ਼ਾਬਰਤ ਅਤੇ ਮੁਤਾਬਕਤ ਵਾਲੀ ਤਾਂ ਐਥੇ ਗੱਲ ਹੀ ਕੋਈ ਨਹੀਂ। ਉਦਾਹਰਨੀ ਦ੍ਰਿਸ਼ਟਾਂਤ ਦਾ ਇਕ ਅੰਗ ਹੀ ਅਸੀਂ ਲੈਣਾ ਹੈ। ਜਿਸ ਪ੍ਰਕਾਰ ਕਿ ਸੂਰਜ ਆਪਣੀ ਕਿਰਨਾਂ ਕਰਕੇ ਸਰਬ ਠਾਈਂ ਰਵਿਆ ਹੋਇਆ ਹੈ, ਤਿਸੇ ਪਰਕਾਰ ਜੋਤੀ ਸਰੂਪ ਰਮਤ ਰਾਮ ਆਪਣੀ ਜੋਤਿ-ਕਿਰਣੀ ਵਿਆਪਕਤਾ ਕਰਕੇ ਘਟ ਅੰਤਰ ਸਰਬ ਘਟਾਂ ਅੰਤਰ ਰਵਿਆ ਰਮਿਆ ਹੋਇਆ ਹੈ।

ਜਿਸ ਘਟ ਅੰਤਰ ਜੋਤੀਸ਼ ਦੀ ਜੋਤਿ-ਕਿਰਣ ਭੇਦਿ ਆਂਵਦੀ ਹੈ, ਤਿਥੇ ਨਿਕਟ ਦੂਰਾਗੀ ਦੇ ਸਭ ਵਿਤਕਰੇ ਮਿਟ ਜਾਂਦੇ ਹਨ। ਸਭ ਦਿਖ-ਹਦੇ ਦੂਰ ਹੋ ਜਾਂਦੇ ਹਨ। ਓਥੇ "ਪਾਰਿ ਸਾਜਨੁ ਅਪਾਰੁ ਪ੍ਰੀਤਮ"† ਪਰਤੱਖ ਹੀ ਸ਼ਬਦ-ਸੁਰਤੀਸ਼ਰਾਂ ਨੂੰ ਪਰਗਟ ਪਾਹਾਰੇ ਜਾਪਦਾ ਹੈ।

ਸ਼ਬਦ-ਸੁਰਤਿ ਦਿਬ ਦਰਸਾਰ ਤੋਂ ਘੁਥੇ ਘਟ ਅਕਾਰਾਂ ਵਿਖੇ ਅੰਧਕਾਰ ਹੀ ਅੰਧਕਾਰ ਹੈ। ਨਾ ਉਥੇ ਨਿਰੰਕਾਰ ਦਾ ਜੋਤਿ-ਚਮਤਕਾਰ ਹੈ ਅਤੇ ਨਾ ਹੀ ਨਿਰੰਕਾਰ ਦਾ ਸਰੂਪ ਹੀ ਪ੍ਰਕਾਸ਼ਕਾਰ ਹੈ, ਪਰ ਉਨ੍ਹਾਂ ਦੇ ਅੰਦਰ ਭੀ ਅਕਾਲ ਪੁਰਖ ਗੁਪਤ ਰੂਪ ਵਿਚ ਵਰਤ ਰਿਹਾ ਹੈ। "ਸਚ ਖੰਡਿ ਵਸੈ ਨਿਰੰਕਾਰ" ਦੀ ਮਾਹੀਅਤ ਦਾ ਉਹਨਾਂ ਨੂੰ ਕੀ ਯਕੀਨ ਆ ਸਕਣਾ ਹੈ ?

## ਦਸਮ ਦੁਆਰ ਵਿਚ ਦਰਸ਼ਨ ਤੇ ਗੋਸ਼ਟ–

ਪਰ ਜਿਨ੍ਹਾਂ ਗੁਰਮੁਖ ਜਨਾਂ ਨੇ ਸੁੰਨ ਗੁਫਾ ਮਹਿ ਸਮਾਧ-ਸਿਥਿਤੀ ਆਸਣ ਬਾਪਿਆ ਹੈ, ਤਿਨ੍ਹਾਂ ਨੂੰ ਪੂਰਨ ਪਾਰਬ੍ਰਹਮ ਦੇ ਦਰਸ਼ਨ, ਸਚ ਖੰਡੀ ਨਿਰੰਕਾਰ ਦੇ ਦਰਸ਼ਨ ਦਸਮ ਦੁਆਰ ਵਿਖੇ ਹੀ ਹੋ ਗਏ ਹਨ। ਤਿਨ੍ਹਾਂ ਨੂੰ ਦਸਮ ਦੁਆਰੀ ਖੇਡ ਵਿਖੇ ਹੀ ਸਚ ਖੰਡ ਦਾ ਪੂਰਨ ਨਜ਼ਾਰਾ ਪ੍ਰਗਟ ਹੋਇ ਆਇਆ ਹੈ। ਤਿਨ੍ਹਾਂ ਨੂੰ ਸਚ ਖੰਡ ਵਿਖੇ ਆਪਣੇ ਭਗਤ ਸੰਗਿ ਪ੍ਰਭੂ ਪ੍ਰਮਾਤਮਾ ਗੋਸ਼ਟ ਕਰਦਾ ਨਜ਼ਰ ਆਇਆ ਹੈ–

ਸੁੰਨ ਸਮਾਧਿ ਗੁਫਾ ਤਹ ਆਸਨੁ ॥ ਕੇਵਲ ਬ੍ਰਹਮ ਪੂਰਨ ਤਹ ਬਾਸਨੁ ॥
ਭਗਤ ਸੰਗਿ ਪ੍ਰਭੁ ਗੋਸਟਿ ਕਰਤਿ ॥ ਤਹ ਹਰਖ ਨ ਸੋਗ ਨ ਜਨਮ ਨ ਮਰਤ॥੩॥੨੪॥੩੫॥
[ਰਾਮਕਲੀ ਮ: ੫, ਪੰਨਾ ੮੯੪

---

*ਰਾਮਕਲੀ ਮ: ੩ ਅਨੰਦ, ਅੰਕ ੩੬, ਪੰਨਾ ੯੨੨

†ਤੁਖਾਰੀ ਮ: ੧, ਪਦਾ ੫, ਪੰਨਾ ੧੧੧੩



www.AKJ.Org

# ਮਨਮੁਖ ਬੋਲਿ ਨ ਜਾਣਨੀ ਓਨਾ ਅੰਦਰਿ ਕਾਮੁ ਕ੍ਰੋਧੁ ਅਹੰਕਾਰੁ

[ਵਲੋਂ–ਗੁਰਪੁਰ ਵਾਸੀ ਭਾਈ ਸਾਹਿਬ ਮਾ: ਜੁਗਿੰਦਰ ਸਿੰਘ ਜੀ ਬਤੂੰਦੀ]

'ਸੁੰਞੇ ਘਰ ਕਾ ਪਾਹੁਣਾ' ਵਿਚ ਮਾ: ਜੁਗਿੰਦਰ ਸਿੰਘ ਜੀ ਭਾਈ ਸਵਾਈ ਸਿੰਘ ਜੀ ਦੇ ਪ੍ਰਸ਼ਨਾਂ ਦਾ ਉਤਰ ਦਿੰਦੇ ਹੋਏ ਮਨਮੁਖਾਂ ਦੀ ਕਰਣੀ-ਕਰਤੂਤ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਿਰੂਪਣ ਕੀਤੀ ਹੋਈ ਹੈ, ਉਸ ਦਾ ਚਿਤਰ ਪੇਸ਼ ਕਰਦੇ ਹੋਏ ਲਿਖਦੇ ਹਨ–

**ਬਿਕਾਰੀ** : ਮਨਮੁਖ ਬੋਲਿ ਨ ਜਾਣਨੀ ਓਨਾ ਅੰਦਰਿ ਕਾਮੁ ਕ੍ਰੋਧੁ ਅਹੰਕਾਰੁ ॥
ਥਾਉ ਕੁਥਾਉ ਨ ਜਾਣਨੀ ਸਦਾ ਚਿਤਵਹਿ ਬਿਕਾਰ ॥ ੧॥੩੦॥ (੧੨੪੮)

ਮਨਮੁਖਾਂ ਨੂੰ ਕਾਮ ਕ੍ਰੋਧ ਲੋਭ ਮੋਹ ਹੰਕਾਰ ਨੇ ਪੂਰੀ ਤਰ੍ਹਾਂ ਗ੍ਰਸਿ ਲਿਆ ਹੁੰਦਾ ਹੈ। ਓਹਨਾਂ ਨੂੰ ਬੋਲਣ ਦਾ ਚੱਜ ਭੀ ਨਹੀਂ, ਥਾਉਂ ਕੁਥਾਉਂ ਦੀ ਸੋਝੀ ਤਾਂ ਕਿਥੋਂ ਹੋਣੀ ਸੀ। ਓਹ ਤਾਂ ਖੋਟੀ ਚਿਤਵਣੀ ਦੇ ਕਾਰਨ ਬਿਕਾਰੀ ਹੀ ਗਿਣੇ ਜਾਣਗੇ। ਜੇ ਓਹ ਗੁਰੂ ਦੇ ਪਵਿਤਰ ਹੁਕਮਾਂ ਨੂੰ ਸੁਣਨ ਤਾਂ ਓਹਨਾਂ ਨੂੰ ਭੀ ਸੋਝੀ ਪੈ ਸਕਦੀ ਹੈ ਕਿ ਪ੍ਰਾਣੀ ਮਾਤਰ ਦੇ 'ਨਾਮ' ਬਿਨਾਂ ਜੋ ਸਾਸ ਭੀ ਲੰਘਦੇ ਹਨ ਓਹ ਕੇਵਲ ਖ਼ਾਲੀ ਹੀ ਨਹੀਂ ਗਿਣੇ ਜਾਣੇ, ਸਗੋਂ ਬਿਕਾਰਾਂ ਵਿਚ ਗਿਣੇ ਜਾਣੇ ਹਨ। ਯਥਾ ਗੁਰਵਾਕ–

ਸਾਸ ਸਾਸ ਸਾਸ ਹੈ ਜੇਤੇ ਮੈ ਗੁਰਮਤਿ ਨਾਮੁ ਸਮ੍ਾਰੇ ॥
ਸਾਸੁ ਸਾਸੁ ਜਾਇ ਨਾਮੈ ਬਿਨੁ ਸੋ ਬਿਰਥਾ ਸਾਸੁ ਬਿਕਾਰੇ ॥੭॥ (੯੮੧)

**ਸੰਤਾਪੀ** : ਮਨਮੁਖ ਕੀ ਮਤਿ ਕੂੜਿ ਵਿਆਪੀ ॥
ਬਿਨੁ ਹਰਿ ਸਿਮਰਣ ਪਾਪਿ ਸੰਤਾਪੀ ॥੨॥ (੩੫੬)

ਨਾਮ ਤੋਂ ਸਖਣੇ ਰਹਿਣ ਜੇਡਾ ਹੋਰ ਕੋਈ ਪਾਪ ਸੰਤਾਪ ਨਹੀਂ। ਇਸ ਗੋਹਜ ਭੇਦ ਦਾ ਗਿਆਨ ਕੂੜ ਵਿਚ ਖੱਚਤ ਹੋਏ ਮਨਮੁਖ ਨੂੰ ਦੱਸੋ ਕੈਸੇ ਹੋਵੇ ? ਨਹੀਂ ਹੋ ਸਕਦਾ। ਜੇ ਉਕਤ ਗਿਆਨ ਆਪੇਂ ਕਿਸੇ ਨੂੰ ਹੋ ਸਕਦਾ ਮੰਨਿਆ ਜਾਵੇ ਤਾਂ ਗੁਰੂ ਦੀ ਫੇਰ ਲੋੜ ਹੀ ਕੀ ਹੋਣੀ ਹੋਈ। ਨਾਮ-ਸਿਮਰਨ ਬਿਨਾਂ ਪ੍ਰਾਣੀ ਕੁੱਤਿਆਂ, ਕਾਵਾਂ ਅਤੇ ਟੇਢੀਆਂ ਜੂਨਾਂ ਵਾਲਿਆਂ ਜੀਵਾਂ ਜੈਸਾ ਗਿਣਿਆ ਗਿਆ ਹੈ। ਯਥਾ ਗੁਰਵਾਕ–

ਬਿਨੁ ਸਿਮਰਨ ਜੈਸੇ ਸਰਪ ਆਰਜਾਰੀ ॥ ਤਿਉ ਜੀਵਹਿ ਸਾਕਤ ਨਾਮੁ ਬਿਸਾਰੀ ॥੧॥...
ਬਿਨੁ ਸਿਮਰਨ ਧ੍ਰਿਗੁ ਕਰਮ ਕਰਾਸ ॥ ਕਾਗ ਬਤਨ ਬਿਸਟਾ ਮਹਿ ਵਾਸ ॥੨॥
ਬਿਨੁ ਸਿਮਰਨ ਭਏ ਕੂਕਰ ਕਾਮ ॥ ਸਾਕਤ ਬੇਸੁਆ ਪੂਤ ਨਿਨਾਮ ॥੩॥
ਬਿਨੁ ਸਿਮਰਨ ਜੈਸੇ ਸੀਙ ਛਤਾਰਾ ॥ ਬੋਲਹਿ ਕੂਰੁ ਸਾਕਤ ਮੁਖੁ ਕਾਰਾ ॥੪॥
ਬਿਨੁ ਸਿਮਰਨ ਗਰਧਭ ਕੀ ਨਿਆਈ ॥ ਸਾਕਤ ਥਾਨ ਭਰਿਸਟ ਫਿਰਾਹੀ ॥੫॥
ਬਿਨੁ ਸਿਮਰਨ ਕੂਕਰ ਹਰਕਾਇਆ ॥ ਸਾਕਤ ਲੋਭੀ ਬੰਧੁ ਨ ਪਾਇਆ ॥੬॥
ਬਿਨੁ ਸਿਮਰਨ ਹੈ ਆਤਮਘਾਤੀ ॥ ਸਾਕਤ ਨੀਚ ਤਿਸੁ ਕੁਲੁ ਨਹੀ ਜਾਤੀ ॥੭॥ (੨੩੯)

**ਪਾਖੰਡੀ** : ਮਨਮੁਖ ਪਾਖੰਡਿ ਭਰਮਿ ਵਿਗੂਤੇ ਲੋਭ ਲਹਰਿ ਨਾਵ ਭਾਰ ਬੁਡਈਆ ॥੬॥ (੮੩੪)

ਮਨਮੁਖ ਅਪਣੇ ਲੋਭ ਲਾਲਚ ਨੂੰ ਪੂਰਾ ਕਰਨ ਲਈ ਪਾਖੰਡ ਦੇ ਜਾਲ ਰਚਣੋਂ ਕਦਾਚਿਤ ਨਹੀਂ ਟਲਦੇ। ਓਹਨਾਂ ਨੂੰ ਇਹ ਦ੍ਰਿੜ੍ਹ ਨਹੀਂ ਹੁੰਦਾ ਕਿ ਅੰਤ ਨਿਬੇੜਾ ਓਹਨਾਂ ਦੇ ਜੀਅ ਤੋਂ ਲਇਆ ਜਾਣਾ ਹੈ। ਓਹਨਾਂ ਦੀਆਂ ਲੋਭ ਤੇ ਭਰਮ ਰੂਪੀ ਲਹਿਰਾਂ, ਓਹਨਾਂ ਦੀ ਪਾਪਾਂ ਨਾਲ ਲਦੀ ਬੇੜੀ ਨੂੰ ਜ਼ਰੂਰ ਹੀ ਗ਼ਰਕ ਕਰ ਦੇਣਗੀਆਂ। ਓਹ ਠੱਗੀ ਨਾਲ ਮਾਇਆ ਇਕੱਤ੍ਰ ਕਰ ਕੇ ਤੇ ਆਪਣੇ ਪੁੱਤਰ ਧੀਆਂ ਨੂੰ ਦੇ ਕੇ ਬੜੇ ਪ੍ਰਸੰਨ ਹੁੰਦੇ ਹਨ, ਪਰੰਤੂ ਬੁਢਾਪੇ ਸਮੇਂ ਉਸ ਦੇ ਸੰਬੰਧੀ ਇਸਤ੍ਰੀ ਤੇ ਪੁੱਤਰ ਆਦਿ ਉਸ ਦੀ ਓਕ ਵਿਚ ਪਾਣੀ ਪਾਉਣ ਨੂੰ ਭੀ ਦੁੱਭਰ ਸਮਝਣਗੇ। ਯਥਾ ਗੁਰਵਾਕ–



www.AKJ.Org

ਬਹੁ ਪਰਪੰਚ ਕਰਿ ਪਰ-ਧਨੁ ਲਿਆਵੈ ॥ ਸੁਤ ਦਾਰਾ ਪਹਿ ਆਨਿ ਲੁਟਾਵੈ ॥੧॥
ਮਨ ਮੇਰੇ ਭੂਲੇ ਕਪਟੁ ਨ ਕੀਜੈ ॥ ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ ॥੧॥ਰਹਾਉ॥
ਛਿਨੁ ਛਿਨੁ ਤਨੁ ਛੀਜੈ ਜਰਾ ਜਨਾਵੈ ॥ ਤਬ ਤੇਰੀ ਓਕ ਕੋਈ ਪਾਨੀਓ ਨ ਪਾਵੈ ॥੨॥ (੬੫੬)

**ਕਪਟੀ** : ਅੰਦਰਿ ਕਪਟੁ ਸਦਾ ਦੁਖੁ ਹੈ ਮਨਮੁਖ ਧਿਆਨੁ ਨ ਲਾਗੈ ॥
ਦੁਖ ਵਿਚਿ ਕਾਰ ਕਮਾਵਣੀ ਦੁਖੁ ਵਰਤੈ ਦੁਖੁ ਆਗੈ ॥੧॥੭॥ (੮੫੨)

ਮਨਮੁਖਾਂ ਸਾਕਤਾਂ ਦਾ ਧਿਆਨ ਨਾਮ ਵਲ ਕਿਵੇਂ ਲਗੇ ? ਨਾਮ ਵਲੋਂ ਤਾਂ ਓਹ ਸਖਣੇ ਹੁੰਦੇ ਹਨ। ਓਹ ਸਦਾ ਦੂਸਰਿਆਂ ਦਾ ਬੁਰਾ ਚਿਤਵਦੇ ਹਨ। ਮਨ ਵਿਚ ਓਹਨਾਂ ਦੇ ਸਦਾ ਕਪਟ ਹੁੰਦਾ ਹੈ, ਇਸ ਲਈ ਓਹਨਾਂ ਦਾ ਸਾਸ ਗਿਰਾਸ ਦੁਖਾਂ ਵਿਚ ਹੀ ਬੀਤਦਾ ਹੈ, ਸਗੋਂ ਅਗੇ ਜਾ ਕੇ ਭੀ ਓਹ ਬੇਅੰਤ ਦੁਖ ਭੋਗਦੇ ਹਨ। ਜੇ ਓਹ ਗੁਰੂ ਦਾ ਉਪਦੇਸ਼ ਸੁਣਨ ਤਾਂ ਓਹਨਾਂ ਦਾ ਖੋਟਾ ਸੁਭਾਉ ਬਦਲੇ, ਤੇ ਓਹ ਭੀ ਸੁਖੀ ਹੋ ਜਾਵਣ। ਜੈਸੇ ਗੁਰਵਾਕ ਹੈ–

ਪਰ ਕਾ ਬੁਰਾ ਨ ਰਾਖਹੁ ਚੀਤ ॥ ਤੁਮ ਕਉ ਦੁਖੁ ਨਹੀ ਭਾਈ ਮੀਤ ॥੩॥ (੩੮੬)

**ਨਿਰਧਨ** : ਮਨਮੁਖੁ ਜਗਤੁ ਨਿਰਧਨੁ ਹੈ ਮਾਇਆ ਨੋ ਬਿਲਲਾਇ ॥
ਅਨਦਿਨੁ ਫਿਰਦਾ ਸਦਾ ਰਹੈ ਭੁਖ ਨ ਕਦੇ ਜਾਇ ॥੧॥੧੭॥ (੧੦੯੨)

ਮਨਮੁਖ ਭਾਵੇਂ ਲੱਖਾ-ਪਤੀ ਭੀ ਕਿਉਂ ਨਾ ਬਣ ਜਾਣ, ਓਹ ਨਾਮ ਰੂਪੀ ਅਸਲੀ ਧਨ ਤੋਂ ਸਖਣੇ ਹੋਣ ਦੇ ਕਾਰਨ ਨਿਰਧਨ ਹੀ ਕਹੇ ਜਾਂਦੇ ਹਨ। ਓਹਨਾਂ ਦਾ ਦਿਨ ਰਾਤ ਮਾਇਆ ਇਕੱਤ੍ਰ ਕਰਨ ਵਿਚ ਹੀ ਸਦਾ ਵਿਹਾਉਂਦਾ ਹੈ,ਪਰੰਤੂ ਓਹਨਾਂ ਦੀ ਮਾਇਆ ਦੀ ਵਧੇਰੇ ਭੁੱਖ ਨੂੰ ਕੋਈ ਮਿਟਾ ਨਹੀਂ ਸਕਦਾ। ਨਾਮੀ ਪੁਰਸ਼ ਗ਼ਰੀਬ ਹੁੰਦੇ ਹੋਇ ਭੀ ਧਨਵੰਤ ਗਿਣੇ ਜਾਂਦੇ ਹਨ,ਬਾਕੀ ਸੰਸਾਰ ਧਨਾਢ ਹੁੰਦਾ ਹੋਇਆ ਭੀ ਨਿਰਧਨ ਹੈ।ਯਥਾ ਗੁਰਵਾਕ—

ਜਮਕਾਲੁ ਨੇੜਿ ਨ ਆਵਈ ਆਪਿ ਬਖਸੇ ਕਰਤਾਰਿ ॥
ਨਾਨਕ ਨਾਮ ਰਤੇ ਸੇ ਧਨਵੰਤ ਹੈਨਿ ਨਿਰਧਨੁ ਹੋਰੁ ਸੰਸਾਰੁ ॥੨੬॥(੧੪੧)

**ਕਰਜਦਾਰ** : ਮਨਮੁਖ ਕਰਜੁ ਚੜਿਆ ਬਿਖੁ ਭਾਰੀ ਉਤਰੈ ਸਬਦੁ ਵੀਚਾਰੇ ॥
ਜਿਤਨੇ ਕਰਜ ਕਰਜ ਕੇ ਮੰਗੀਏ ਕਰਿ ਸੇਵਕ ਪਗਿ ਲਗਿ ਵਾਰੇ ॥੭॥(੬੯੧)

ਮਨਮੁਖ ਉਪਰੋਂ ਤਾਂ ਬੜੇ ਭਾਰੀ ਧਨਾਢ ਕਹੇ ਜਾਂਦੇ ਹਨ, ਦਰ-ਅਸਲ ਓਹ ਭਾਰੀ ਕਰਜਦਾਰ ਹਨ। ਕਿਉਂ ਜੁ ਸਾਸ ਗਿਰਾਸ ਦਾ ਲੇਖਾ ਦੇਣਾ ਪੈਣਾ ਹੈ। ਓਹਨਾਂ ਦਾ ਹਰ ਦਮ ਕਰਜ਼ਾ ਵਧ ਰਿਹਾ ਹੈ। ਮਾਇਆ ਦੇ ਵਿਹੁ ਰੂਪੀ ਕਰਜ਼ੇ ਨੂੰ ਕੋਈ ਆਪੋਂ ਲਾਹ ਨਹੀਂ ਸਕਦਾ। ਹਾਂ, ਜੇ ਓਹ ਗੁਰੂ ਦੀ ਚਰਨੀ ਢਹਿ ਪੈਣ ਤਾਂ ਪੂਰਾ ਗੁਰੂ ਓਹਨਾਂ ਨੂੰ ਗੁਰ-ਮੰਤ੍ਰ ਗੁਰ-ਸ਼ਬਦ ਦ੍ਰਿੜ੍ਹ ਕਰਵਾ ਕੇ ਨਾਮ ਜਪਣ ਲਾ ਦੇਵੇ ਤੇ ਇਉਂ ਪੂਰਾ ਸਤਿਗੁਰੂ ਓਹਨਾਂ ਦੇ ਸਾਰੇ ਕਰਜ਼ੇ ਨੂੰ ਲਾਹ ਕੇ ਸੱਚੇ ਸੇਵਕ ਬਣਾਉਂਦਾ ਹੋਇਆ ਮਾਇਆ ਦੇ ਹੁੰਦਿਆਂ ਸੁੰਦਿਆਂ ਮੁਕਤ ਕਰ ਦੇਵੇ। ਜੈਸ ਗੁਰਵਾਕ ਹੈ–

ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ॥
ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ ॥੨॥੧੬॥(੫੨੨)

**ਝੂਠੇ** : ਮਨਮੁਖਿ ਝੂਠੋ ਝੂਠੁ ਕਮਾਵੈ ॥ ਖਸਮੈ ਕਾ ਮਹਲੁ ਕਦੇ ਨ ਪਾਵੈ ॥੧॥(੩੬੩)

ਮਨਮੁਖਾਂ ਨੂੰ ਸੱਚ ਦਾ ਮੁਸ਼ਕ ਭੀ ਪ੍ਰਾਪਤ ਨਹੀਂ ਹੋ ਸਕਦਾ। ਓਹ ਪਏ ਸੱਚੇ ਹੋਣ ਦੀਆਂ ਫੋਕੀਆਂ ਟਾਹਰਾਂ ਤੇ ਝੂਠੀਆਂ ਡੀਂਗਾਂ ਮਾਰਦੇ ਫਿਰਨ, ਅਸਲੀ ਅਰਥਾਂ ਵਿਚ ਓਹਨਾਂ ਦਾ ਦਿਨ ਰਾਤ ਦਾ ਕਹਿਆ ਕਮਾਇਆ ਸਭ ਝੂਠ ਹੀ ਝੂਠ ਹੈ। ਐਸੇ ਝੂਠੇ ਮਨਮੁਖਾਂ ਨੂੰ ਕਦਾਚਿਤ ਪਰਮੇਸ਼ਰ ਦਾ ਮਹਲ ਪ੍ਰਾਪਤ ਨਹੀਂ ਹੋ ਸਕਦਾ। ਯਥਾ ਗੁਰ ਵਾਕ–

ਮਨਮੁਖੁ ਅੰਧਾ ਅੰਧੁ ਕਮਾਏ ॥ ਬਹੁ ਸੰਕਟ ਜੋਨੀ ਭਰਮਾਏ ॥੪॥ (੧੦੬੮)



www.AKJ.Org

ਤਥਾ—ਸਚੁ ਸਲਾਹਨਿ ਸੇ ਸਚੇ ਸਚਾ ਨਾਮੁ ਅਧਾਰੁ ॥......

ਮਨਮੁਖ ਮਹਲੁ ਨ ਪਾਇਨੀ ਕੂੜਿ ਮੁਠੇ ਕੂੜਿਆਰ ॥੨॥ (੩੪)

**ਜੂਠੇ** : ਓਨਾ ਮੈਲੁ ਪਤੰਗੁ ਨ ਲਗਈ ਜਿ ਚਲਨਿ ਸਤਿਗੁਰ ਭਾਇ ॥

ਮਨਮੁਖ ਜੂਠਿ ਨ ਉਤਰੈ ਜੇ ਸਉ ਧੋਵਣ ਪਾਇ ॥੪੫॥ (੧੪੧੮)

ਜੋ ਸਤਿਗੁਰੂ ਦੀ ਆਗਿਆ ਵਿਚ ਚਲਦੇ ਹੋਏ ਸਦਾ ਨਾਮ ਜਪਦੇ ਹਨ, ਓਹਨਾਂ ਦੇ ਮਨਾਂ ਨੂੰ ਰਤਾ ਮਾਸਾ ਭੀ ਮੈਲ ਨਹੀਂ ਲਗ ਸਕਦੀ। ਪਰ ਮਨਮੁਖਾਂ ਦੇ ਮਨਾਂ ਦੀ ਮੈਲ ਬਾਹਰਲੇ ਇਸ਼ਨਾਨਾਂ ਨਾਲ ਕਦੇ ਲਹਿ ਨਹੀਂ ਸਕਦੀ, ਭਾਵੇਂ ਓਹ ਹਜ਼ਾਰ ਤੀਰਥਾਂ ਤੇ ਇਸ਼ਨਾਨ ਕਰ ਕੇ ਆਪਣੇ ਆਪ ਨੂੰ ਨਿਰਮਲ ਕਹਾਉਂਦੇ ਫਿਰਨ ਅਤੇ ਬਾਹਰਲੀਆਂ ਨਾਨ੍ਹਾ ਪਰਕਾਰ ਦੀਆਂ ਸੁਚਮਾਂ ਕਰਦੇ ਫਿਰਨ। ਉਹ ਸਦਾ ਜੂਠੇ ਹੀ ਰਹਿੰਦੇ ਹਨ।

ਯਥਾ ਗੁਰਵਾਕ— ਮਾਤਾ ਜੂਠੀ ਪਿਤਾ ਭੀ ਜੂਠਾ ਜੂਠੇ ਹੀ ਫਲ ਲਾਗੇ ॥

ਆਵਹਿ ਜੂਠੇ ਜਾਹਿ ਭੀ ਜੂਠੇ ਜੂਠੇ ਮਰਹਿ ਅਭਾਗੇ ॥੧॥......

ਜਿਹਬਾ ਜੂਠੀ ਬੋਲਤ ਜੂਠਾ ਕਰਨ ਨੇਤ੍ਰ ਸਭਿ ਜੂਠੇ ॥

ਇੰਦ੍ਰੀ ਕੀ ਜੂਠਿ ਉਤਰਸਿ ਨਾਹੀ ਬ੍ਰਹਮ ਅਗਨਿ ਕੇ ਲੂਠੇ ॥੨॥

ਅਗਨਿ ਭੀ ਜੂਠੀ ਪਾਨੀ ਜੂਠਾ ਜੂਠੀ ਬੈਸਿ ਪਕਾਇਆ ॥

ਜੂਠੀ ਕਰਛੀ ਪਰਸਨਿ ਲਾਗਾ ਜੂਠੇ ਹੀ ਬੈਠਿ ਖਾਇਆ ॥੩॥

ਗੋਬਰੁ ਜੂਠਾ ਚਉਕਾ ਜੂਠਾ ਜੂਠੀ ਦੀਨੀ ਕਾਰਾ ॥

ਕਹਿ ਕਬੀਰ ਤੇਈ ਨਰ ਸੂਚੇ ਸਾਚੀ ਪਰੀ ਬਿਚਾਰਾ ॥੪॥੧॥੭॥(੧੧੯੫)

**ਚਿੰਤ੍ਰਾਲੂ** : ਮਨਮੁਖ ਭਰਮੈ ਸਹਸਾ ਹੋਵੈ ॥

ਅੰਤਰਿ ਚਿੰਤਾ ਨੀਦ ਨ ਸੋਵੈ ॥੨॥੯॥(੬੪੬)

ਭਰਮ, ਸਹਸਾ, ਫ਼ਿਕਰ ਦੇ ਕਾਰਨ ਮਨਮੁਖ ਸਦਾ ਚਿੰਤਾ ਰੂਪੀ ਚਿਖਾ ਤੇ ਹਰ ਸਮੇਂ ਸੜਦੇ ਰਹਿੰਦੇ ਹਨ। ਓਹ ਕਦੇ ਭੀ ਸੁਖ ਦੀ ਨੀਂਦ ਨਹੀਂ ਸੌਂ ਸਕਦੇ।

**ਤ੍ਰਿਸ਼ਨਾਲੂ** : ਮਨਮੁਖ ਖੇਤੀ ਵਣਜੁ ਕਰਿ ਥਾਕੇ ਤ੍ਰਿਸਨਾ ਭੁਖ ਨ ਜਾਏ ॥

ਨਾਨਕ ਨਾਮੁ ਬੀਜਿ ਮਨ ਅੰਦਰਿ ਸਚੈ ਸਬਦਿ ਸੁਭਾਏ ॥੨॥(੫੬੮)

ਮਨਮੁਖਾਂ ਸਾਕਤਾਂ ਦੀ ਤ੍ਰਿਸ਼ਨਾ ਰੂਪੀ ਅੱਗ ਨੂੰ ਕਿਵੇਂ ਭੀ ਮਿਟਾਇਆ ਬੁਝਾਇਆ ਨਹੀਂ ਜਾ ਸਕਦਾ, ਭਾਵੇਂ ਉਹ ਲੱਖਾਂ ਪਰਕਾਰ ਦੇ ਵਣਜ ਵਾਪਾਰ ਅਤੇ ਖੇਤੀ ਬਾੜੀ ਪਏ ਕਰਦੇ ਫਿਰਨ। ਹਾਂ ਜੇ ਓਹ ਪੂਰੇ ਗੁਰੂ ਪਾਸੋਂ ਨਾਮ ਦੀ ਪ੍ਰਾਪਤੀ ਕਰ ਕੇ ਗੁਰਮਤਿ ਦੀ ਸੱਚੀ ਸੁੱਚੀ ਜੁਗਤੀ ਅਨੁਸਾਰ ਆਪਣੇ ਮਨ ਰੂਪੀ ਖੇਤ ਵਿਚ ਸ਼ਬਦ ਰੂਪੀ ਬੀਜ ਪਾ ਲੈਣ ਤਾਂ ਸੁਤੇ ਸੁਭਾ ਹੀ ਉਹਨਾਂ ਦੀ ਤ੍ਰਿਸ਼ਨਾ ਰੂਪੀ ਅੱਗ ਇਕ ਸੈਕੰਡ ਵਿਚ ਬੁਝ ਸਕਦੀ ਹੈ, ਕਿਉਂ ਜੁ ਨਾਮ ਵਿਚ ਬੜੀਆਂ ਸ਼ਕਤੀਆਂ ਹਨ। ਯਥਾ ਗੁਰਵਾਕ—

ਜਿਸੁ ਨਾਮੁ ਰਿਦੈ ਸੋਈ ਵਡ ਰਾਜਾ ॥ ਜਿਸੁ ਨਾਮੁ ਰਿਦੈ ਤਿਸੁ ਪੂਰੇ ਕਾਜਾ ॥

ਜਿਸੁ ਨਾਮੁ ਰਿਦੈ ਤਿਨਿ ਕੋਟਿ ਧਨ ਪਾਏ ॥ ਨਾਮ ਬਿਨਾ ਜਨਮੁ ਬਿਰਥਾ ਜਾਇ ॥੧॥

ਤਿਸੁ ਸਾਲਾਹੀ ਜਿਸੁ ਹਰਿ ਧਨੁ ਰਾਸਿ ॥ ਸੋ ਵਡਭਾਗੀ ਜਿਸੁ ਗੁਰ ਮਸਤਕਿ ਹਾਥੁ ॥੧॥ਰਹਾਉ॥

ਜਿਸੁ ਨਾਮੁ ਰਿਦੈ ਤਿਸੁ ਕੋਟ ਕਈ ਸੈਨਾ ॥ ਜਿਸੁ ਨਾਮੁ ਰਿਦੈ ਤਿਸੁ ਸਹਜ ਸੁਖੈਨਾ ॥

ਜਿਸੁ ਨਾਮੁ ਰਿਦੈ ਸੋ ਸੀਤਲੁ ਹੂਆ ॥ ਨਾਮ ਬਿਨਾ ਧ੍ਰਿਗੁ ਜੀਵਣੁ ਮੂਆ ॥੨॥

ਜਿਸੁ ਨਾਮੁ ਰਿਦੈ ਸੋ ਜੀਵਨ ਮੁਕਤਾ ॥ ਜਿਸੁ ਨਾਮੁ ਰਿਦੈ ਤਿਸੁ ਸਭ ਹੀ ਜੁਗਤਾ ॥

ਜਿਸੁ ਨਾਮੁ ਰਿਦੈ ਤਿਨਿ ਨਉ ਨਿਧਿ ਪਾਈ ॥ ਨਾਮ ਬਿਨਾ ਭ੍ਰਮਿ ਆਵੈ ਜਾਈ ॥੩॥

ਜਿਸੁ ਨਾਮੁ ਰਿਦੈ ਸੋ ਵੇਪਰਵਾਹਾ ॥ ਜਿਸੁ ਨਾਮੁ ਰਿਦੈ ਤਿਸੁ ਸਦ ਹੀ ਲਾਹਾ ॥

(ਬਾਕੀ ਦੇਖੋ ਸਫ਼ਾ ੧੬ ਦੇ ਹੇਠ)



www.AKJ.Org

# ਗੁਰੂ ਨਾਨਕ ਦੀ ਅਸਚਰਜ ਲੀਲ੍ਹਾ

[ਵਲੋਂ—ਗਿਆਨੀ ਗੋਪਾਲ ਸਿੰਘ ਜੀ 'ਮਿੱਤਰ' ਮਾਲਬ (ਗੁੜਗਾਉਂ) ]

ਜਿਸ ਨੂੰ ਜੋਤਿ ਨਿਰੰਜਨੀ ਜੱਗ ਆਖੇ, ਉਸ ਦਾ ਵਿੱਚ ਤਲਵੰਡੀ ਪ੍ਰਕਾਸ਼ ਹੋਇਆ।
ਕਲਾ ਧਾਰ ਕੇ ਆਪ ਨਾਰਾਇਣ ਆਇਆ, ਹੋਇਆ ਚਾਨਣ, ਹਨੇਰ ਦਾ ਨਾਸ ਹੋਇਆ।
ਪਿਤਾ 'ਕਾਲੂ' ਦੇ ਵੇਹੜੇ ਵਿਚ ਚੰਨ ਚੜ੍ਹਿਆ, ਮਾਤਾ 'ਤ੍ਰਿਪਤਾ' ਦੇ ਰਿਦੇ ਹੁਲਾਸ ਹੋਇਆ।
ਆਇਆ ਵੀਰ ਬਣ ਕੇ ਬੇਬੇ 'ਨਾਨਕੀ' ਦਾ, ਬੇਦੀ ਬੰਸ ਵਿਚ ਖੁਸ਼ੀਆਂ ਦਾ ਵਾਸ ਹੋਇਆ।
ਰਿੜ੍ਹਦਾ, ਤੁਰਦਾ ਤੇ ਖੇਡਾਂ ਅਸਚਰਜ ਕਰਦਾ, ਵੰਡਦਾ ਖੇੜਾ ਸੁਗੰਧਿ ਗੁਲਾਬ ਵਾਂਗੂ।
ਖਿੱਚ ਪਾਂਵਦਾ ਮਸਤਕ ਪੁਰ ਨੂਰ ਜਿਸ ਦਾ, ਨੈਣ ਚਮਕਦੇ ਰੌਸ਼ਨ ਮਹਿਤਾਬ ਵਾਂਗੂ।੧।

ਪਾਂਧੇ ਪਾਸ ਬਿਠਾਇਆ ਪਿਤਾ ਕਾਲੂ ਜੀ ਨੇ, ਉਲਟਾ ਪਾਂਧੇ ਤਾਈਂ ਪੜ੍ਹਾ ਆਇਆ।
ਯਾਦ ਕਰਨ ਲਈ ਦੱਸਿਆ 'ਅਲਫ਼' ਮੁੱਲਾਂ, ਉਸਨੂੰ ਸਾਰੀ ਸਿਹਰਫ਼ੀ ਸੁਣਾ ਆਇਆ।
ਮਿਹਰਵਾਨ ਇਹ ਮਹੀਆਂ ਦਾ ਚਾਕ ਬਣ ਕੇ, ਉਜੜੇ ਖੇਤਾਂ ਵਿਚ ਬਰਕਤਾਂ ਪਾ ਆਇਆ।
ਵੇਖ ਵੇਖ ਕੇ ਇਹ ਦੋ ਅਸਚਰਜ ਕੌਤਕ, 'ਰਾਇ ਬੁਲਾਰ' ਵੀ ਸੀਸ ਝੁਕਾ ਆਇਆ।
ਕਿਹਾ ਪਿਤਾ ਨੇ ਵੀਹ ਰੁਪੈ ਦੇ ਕੇ, ਲਾਭਵੰਦ ਕੋਈ ਸੌਦਾ ਲਿਆ ਜਾ ਕੇ।
ਚੋਖਾ ਨਫ਼ਾ ਜੇ ਮਿਲਿਆ ਤਾਂ ਵੇਖ ਨਾਨਕ ! ਤੈਨੂੰ ਦਿਆਂਗਾ ਵੱਡੀ ਦੁਕਾਨ ਪਾ ਕੇ।੨।

ਭੁਖਿਆਂ ਵੇਖ ਕੇ ਜੰਗਲ ਵਿਚ ਸਾਧੂਆਂ ਨੂੰ, ਸਾਰੇ ਪੈਸੇ ਹੀ ਭੋਜਨ ਤੇ ਲਾ ਦਿਤੇ।
ਇਹੀ ਜਾਣਿਆ ਹੈ ਲਾਭਵੰਦ ਸੌਦਾ, ਭੁੱਖੇ ਰੱਬ ਦੇ ਬੰਦੇ ਰਜਾ ਦਿਤੇ।
ਸਹੀਆਂ ਪਿਤਾ ਦੀਆਂ ਚੰਡਾਂ ਮੁੱਖੜੇ ਤੇ, ਐਪਰ ਜੱਗ ਤੇ ਪੂਰਨੇ ਪਾ ਦਿਤੇ।
ਲੋੜਵੰਦ ਦੀ ਸੇਵਾ ਹੈ ਖਰਾ ਸੌਦਾ, ਮਾਨਵ-ਪਿਆਰ ਦੇ ਰਾਹ ਰੁਸ਼ਨਾ ਦਿਤੇ।
ਮੋਦੀ-ਖ਼ਾਨੇ ਦੀ ਕਾਰ ਸੰਭਾਲ ਕੇ ਤੇ, ਵੇਖੋ ਮੋਦੀ ਇਹ ਸਭ ਕੁਝ ਲੁਟਾਈ ਜਾਂਦੈ।
ਮੈਂ ਤੇਰਾਂ ਹਾਂ ਮਾਲਕਾ ! ਹਾਂ ਤੇਰਾ, ਤੇਰਾਂ ਤੇਰਾਂ ਮੂੰਹੋਂ ਗੁਣ-ਗੁਣਾਈ ਜਾਂਦੈ।੩।

ਲੌ ਜੀ ! ਬੰਦੇ ਦੀ ਚਾਕਰੀ ਛੋੜ ਕੇ ਤੇ, ਕਰਨ ਰੱਬ ਦੀ ਨੌਕਰੀ ਚੱਲਿਆ ਏ।
ਪਾਪ-ਅਗਨਿ ਵਿਚ ਸੜਦਾ ਸੰਸਾਰ ਤਕ ਕੇ, ਵੇਗ ਏਸ ਤੋਂ ਗਿਆ ਨ ਠੱਲਿਆ ਏ।
ਖ਼ਾਰਦਾਰ ਜੰਗਲਾਂ ਨਿਰਜਨ ਬਨਾਂ ਅੰਦਰ, ਥਾਂ ਥਾਂ ਟਿਕਾਣਾ ਜਾ ਮੱਲਿਆ ਏ।
ਹੱਠੀ, ਮਾਨੀਆਂ, ਕ੍ਰੋਧੀ ਹੰਕਾਰੀਆਂ ਨੂੰ, ਸੋਧਣ ਲਈ ਰੱਬ ਨੇ ਇਹਨੂੰ ਘੱਲਿਆ ਏ।
ਫਿਰਿਆ ਤਾਰਦਾ ਕੁਸ਼ਟੀਆਂ ਕੋੜ੍ਹੀਆਂ ਨੂੰ, ਛੋੜੀ ਨਹੀਂ ਕੁਈ ਥਾਂ ਹਿੰਦੁਸਤਾਨ ਅੰਦਰ।
ਮੱਕੇ ਅਤੇ ਮਦੀਨੇ ਬਗ਼ਦਾਦ ਦੇ ਵਿਚ, ਚਿੰਨ੍ਹ ਦਿਸਦੇ 'ਅਰਬ' ਈਰਾਨ ਅੰਦਰ।
'ਪੀਰ' ਮੰਨਦੇ ਕਾਬਲ ਕੰਧਾਰ ਵਾਲੇ, 'ਵਲੀ' ਆਖਦੇ ਦੇਸ਼ ਅਫ਼ਗਾਨ ਅੰਦਰ।
ਤਿੱਬਰ ਦੇਸ਼ ਦਾ 'ਨਾਨਕਿੰਗ' ਸ਼ਹਿਰ ਵਸਦਾ, ਬਾਬੇ ਨਾਨਕ ਦੇ ਨਾਂ ਦੀ ਸ਼ਾਨ ਅੰਦਰ।

ਜਿੱਥੇ ਜਿੱਥੇ ਵੀ ਚਰਨਾਂ ਦੀ ਛਾਪ ਲੱਗੀ, ਚਰਨ-ਧੂੜ ਦੁਨੀਆ ਮੱਥੇ ਲਾਈ ਜਾਵੇ।
'ਮਿਤਰ' ਏਸ ਪਿਆਰ ਮੁਜੱਸਮੇ ਨੂੰ, ਸਾਰਾ ਜੱਗ ਹੀ ਸੀਸ ਝੁਕਾਈ ਜਾਵੇ।
ਚਕ੍ਰ ਫੇਰ ਕੇ 'ਸਤ ਕਰਤਾਰ' ਵਾਲਾ, ਸੜਦੇ ਜਗਤ ਤੇ ਠੰਡ ਵਰਤਾਈ ਹੈ ਜੀ।
ਧੰਨ ਗੁਰੂ ਨਾਨਕ ਦੇ ਪ੍ਰਕਾਸ਼ ਦਿਨ ਦੀ, ਸਾਧ ਸੰਗਤ ਨੂੰ ਲਖ ਲਖ ਵਧਾਈ ਹੈ ਜੀ।

'ਸੂਰਾ' ਅੰਮ੍ਰਿਤਸਰ, ਨਵੰਬਰ ੧੯੮੦/੧੩

www.AKJ.Org

# "ਵਿਚਹੁ ਮਾਰਿ ਕਢੀਆ ਬੁਰਿਆਈਆ"

[ਵਲੋਂ :–ਗਿਆਨੀ ਗੋਪਾਲ ਸਿੰਘ ਜੀ ਮਿੱਤਰ, ਮਾਲਬ (ਗੁੜਗਾਉਂ)]

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰੱਬ ਤੋਂ ਭੁੱਲੀ ਸਾਹ ਸਤ ਤੇ ਧਰਮ-ਹੀਣ ਜਨਤਾ ਵਿਚ ਸਾਹਸ ਤੇ ਉਤਸ਼ਾਹ ਭਰਨ ਤੇ ਉਸ ਨੂੰ ਮਨੁੱਖਾ ਜਨਮ ਸਫਲ ਕਰਨ ਲਈ ਨੇਕੀ ਤੇ ਸੱਚਾਈ ਦੇ ਰਾਹ ਤੇ ਪਾਣ ਵਾਸਤੇ ਚਾਰ ਉਦਾਸੀਆਂ (ਪ੍ਰਚਾਰ-ਫੇਰੀਆਂ) ਧਾਰਨ ਕੀਤੀਆਂ ।

'ਚਲਿਆ ਸੋਧਣ ਧਰਤਿ ਲੁਕਾਈ ॥' (ਭਾਈ ਗੁਰਦਾਸ ਜੀ)

ਆਪ ਨੂੰ ਇਸ ਸਫ਼ਰ ਵਿਚ ਥਾਂ ਥਾਂ ਤੇ, ਰਾਖਸ਼ ਬ੍ਰਿਤੀ ਵਾਲੇ, ਜ਼ਾਲਮ, ਲੋਭੀ ਲੰਪਟ, ਹੰਕਾਰੀ, ਜਾਤ ਅਭਿਮਾਨੀ, ਕ੍ਰੋਧੀ, ਈਰਖਾਲੂ, ਆਦਿ, ਹਰ ਪ੍ਰਕਾਰ ਦੇ ਅਧਮ ਲੋਕਾਂ ਨਾਲ ਰਾਹ ਤੇ ਵਾਹ ਪਿਆ । ਆਪ ਨੇ ਇਕ ਸੁਘੜ ਸਿਆਣੇ ਤਜਰਬਾਕਾਰ ਵੈਦ ਵਾਂਗੂ ਉਨ੍ਹਾਂ ਦੇ ਹਿਰਦਿਆਂ ਵਿਚ ਘਰ ਕਰ ਚੁਕੀਆਂ ਆਤਮਕ ਬੀਮਾਰੀਆਂ ਦਾ ਇਲਾਜ ਕੀਤਾ । ਜਿਵੇਂ ਡਾਕਟਰ ਕਿਸੇ ਵੀ ਅੰਗ ਵਿਚ ਭਰ ਚੁਕੀ ਗੰਦਗੀ ਨੂੰ ਅਪ੍ਰੇਸ਼ਨ ਦੁਆਰਾ ਕੱਢ ਕੇ, ਰੋਗੀ ਨੂੰ ਅਰੋਗ ਕਰ ਦੇਂਦਾ ਹੈ ਇਸੇ ਤਰ੍ਹਾਂ ਆਪ ਨੇ ਸਮੇਂ ਦੇ ਵਾਤਾਵਰਨ ਅਨੁਸਾਰ ਆਪਣੇ ਜੀਵਨ ਤੇ ਸੱਚੇ ਸੁੱਚੇ ਉਪਦੇਸ਼ ਦੁਆਰਾ ਹਰ ਹਿਰਦੇ ਵਿਚ ਪਈਆਂ ਬੁਰਿਆਈਆਂ ਤੇ ਊਣਤਾਈਆਂ ਨੂੰ ਕਢ ਕੇ ਉਨ੍ਹਾਂ ਨੂੰ ਸਮਾਜ ਦਾ ਨਰੋਆ ਅੰਗ ਬਣਾ ਦਿੱਤਾ ।

ਆਪ ਦੁਖਾਂ, ਕਸ਼ਟਾਂ, ਤਕਲੀਫਾਂ ਦੀ ਪਰਵਾਹ ਨਾ ਕਰਦੇ ਹੋਏ ਪਰਬਤਾਂ, ਝੀਲਾਂ, ਸਮੁੰਦਰਾਂ ਦੇ ਬਿਖੜੇ ਰਾਹਾਂ ਨੂੰ ਉਲਾਂਘਦੇ, ਇਨ੍ਹਾਂ ਆਚਾਰ ਵੀਚਾਰ ਹੀਣ ਲੋਕਾਂ ਦੇ ਨੇੜੇ ਪੁਜੇ । ਜਗਰਾਤੇ ਕੱਟੇ, ਉਨੀਂਦਰੇ ਗੁਜ਼ਾਰੇ, ਕਈ ਕਈ ਦਿਨ ਭੁਖਿਆਂ ਰਹਿ ਕੇ ਸਫਰ ਕੀਤੇ, ਵੱਟੇ ਪੱਥਰ ਸਹਿਨ ਕੀਤੇ, ਕੁਰਾਹੀਆ ਅਖਵਾਇਆ, ਪਰ ਇਸ ਮਾਨਵ-ਭਲਾਈ ਦੇ ਰਾਹ ਉਤੇ ਦ੍ਰਿੜ੍ਹ-ਵਿਸ਼ਵਾਸੀ ਹੋ ਕੇ ਤੁਰਦੇ ਰਹੇ ।

ਵਿਅੰਗੀ ਕੌਤਕਾਂ ਰਾਹੀਂ, ਬਾਣੀ ਦੁਆਰਾ ਉਪਦੇਸ਼ ਦੇ ਕੇ, ਅਮਲੀ ਜੀਵਨ ਦਾ ਪ੍ਰਭਾਵ ਪਾ ਕੇ, ਕਦੀ ਕਦੀ ਸੁਤੇ ਸਿਧ ਪਰਉਪਕਾਰ ਖ਼ਾਤਰ ਅਜ਼ਮਤ ਰਾਹੀਂ, ਭਵਿਖ ਵਾਕ ਉਚਾਰ ਕੇ, ਸ਼ਬਦ ਗਾ ਕੇ, ਸੰਗੀਤ ਸੁਣਾ ਕੇ, ਜਿਸ ਪ੍ਰਕਾਰ ਵੀ ਜਿਸ ਥਾਂ ਤੇ ਕਿਸੇ ਦੇ ਸੁਧਾਰ ਦਾ ਸਾਧਨ ਅਨੁਮਾਨਿਆ, ਵਰਤਿਆ, ਤੇ ਹਿਰਦਿਆਂ ਚੋਂ ਖੋਟੀਆਂ-ਵਾਸ਼ਨਾਵਾਂ, ਸਮਾਜਕ ਖ਼ਾਮੀਆਂ ਕੱਢ ਕੇ ਮਾਨਵ-ਪਿਆਰ ਦੀ ਸੁਗੰਧਿ ਨਾਲ ਭਰਪੂਰ ਕਰ ਦਿੱਤਾ । ਆਪ ਸਮੇਂ ਦਾ ਵਾਤਾਵਰਨ ਵੇਖ ਕੇ ਐਸਾ ਢੰਗ ਵਰਤਦੇ ਸਨ ਕਿ ਲੋਕ ਆਪਣੇ ਆਪ ਹੀ ਆਪ ਜੀ ਦੇ ਨੇੜੇ ਆ ਜਾਂਦੇ ਸਨ ।

**ਕੁਝ ਕੁ ਉਦਾਹਰਨਾਂ–**

ਹਰਦੁਆਰ ਵਿਖੇ ਵਿਅੰਗਮਈ ਤ੍ਰੀਕੇ ਨਾਲ ਪੱਛਮ ਵਲ ਪਾਣੀ ਉਛਾਲ ਕੇ ਲੋਕਾਂ ਦਾ ਪਿਤਰੀ ਭਰਮ ਦੂਰ ਕੀਤਾ ।

ਬੰਗਾਲ ਪੁਜ ਕੇ ਨੂਰ ਸ਼ਾਹ ਜਾਦੂਗਰਨੀ ਨੂੰ ਉਪਦੇਸ਼ ਦੁਆਰਾ ਸਫ਼ਲ ਜੀਵਨ ਬਨਾਣ ਦੀ ਜਾਚ ਦੱਸੀ।

ਕੌਡੇ ਰਾਖਸ਼ ਦੇ ਤਪਦੇ ਕੜਾਹੇ ਨੂੰ ਮਿਹਰ-ਨਜ਼ਰ ਨਾਲ ਠੰਡਾ ਕਰ ਕੇ ਉਸਦੀ ਮਾਨਵ-ਮਾਰ ਬ੍ਰਿਤੀ ਦਾ ਕਾਇਆਂ-ਕਲਪ ਕੀਤਾ ।

ਸਜਣ ਠੱਗ ਦੇ ਘਰ ਪੁਜ ਕੇ "ਉਜੱਲ ਕੈਹਾ ਚਿਲਕਣਾ......" ਸ਼ਬਦ ਉਚਾਰਨ ਕੀਤਾ ਤੇ ਉਸ ਦੇ ਅੰਦਰਲੇ ਨੂੰ ਹਲੂਣ ਕੇ ਸੰਤ ਬਣਾ ਦਿੱਤਾ ।

ਭੂਮੀਏ ਚੋਰ ਨੂੰ ਤਿੰਨ ਗੱਲਾਂ (ਸੱਚ ਬੋਲਣਾ, ਲੂਣ ਖਾ ਕੇ ਬੁਰਾ ਨ ਕਰਨਾ ਅਤੇ ਗ੍ਰੀਬ ਮਾਰ ਨਾ ਕਰਨ) ਦਾ ਉਪਦੇਸ਼ ਦੇ ਕੇ ਉਸਦਾ ਜੀਵਨ ਪਲਟ ਦਿਤਾ ।

ਵਲੀ ਕੰਧਾਰੀ ਤੇ ਹਮਜ਼ਾ ਗੌਸ ਦੀ ਅਜ਼ਮਤ ਨੂੰ ਨਕਾਰਾ ਕਰ ਕੇ ਉਨ੍ਹਾਂ ਦਾ ਹੰਕਾਰ ਦੂਰ ਕੀਤਾ ਤੇ ਮਾਨਵ-ਪਿਆਰ ਦਾ ਸੰਦੇਸ਼ ਬਖਸ਼ਿਆ ।



www.AKJ.Org

# ਜਲੰਦਾ ਜਗਤ ਜਾਂ ਤਕਿਆ

[ਵਲੋਂ-- ਸਰਦਾਰ ਵਿਧਾਤਾ ਸਿੰਘ ਜੀ 'ਤੀਰ']

ਹੋ ਕੁਲ-ਚਾਨਣ ਤ੍ਰਿਪਤਾ ਦੀ, ਭਰੀ ਆ ਝੋਲ ਨਾਨਕ ਨੇ।
ਨਵਾਂ ਚਾਨਣ ਨਵਾਂ ਜੀਵਨ, ਦਿਤਾ ਅਣਭੋਲ ਨਾਨਕ ਨੇ ।੧।
ਜਲੰਦਾ ਜਗਤ ਜਾਂ ਤਕਿਆ, ਉਹ ਦਰਦੀ ਸੀ ਨਾ ਰਹਿ ਸਕਿਆ,
ਸੜੇ ਠਾਰਨ ਲਈ ਬੋਲੇ, ਅੰਮ੍ਰਿਤੀ ਬੋਲ ਨਾਨਕ ਨੇ ।੨।
ਪਖੰਡਾਂ, ਕਰਮ-ਕਾਂਡਾਂ ਦੇ, ਵਿਖਾਲੇ ਦੇ ਵਡੱਪਣ ਦੇ,
ਉਧੇੜੇ ਰੱਜ ਕੇ ਬਖੀਏ, ਤੇ ਖੱਲ੍ਹੇ ਪੋਲ ਨਾਨਕ ਨੇ ।੩।
ਮੋਏ ਵਿਸ਼ਵਾਸ ਉਹ ਅੰਨ੍ਹੇ, ਜਿਨ੍ਹਾਂ ਕੀਤਾ ਜੀ ਜੱਗ ਅੰਨ੍ਹਾ,
ਉਨ੍ਹਾਂ ਮੋਇਆਂ ਦੇ ਮੁਰਦੇ ਵੀ, ਸੁੱਟੇ ਸਨ ਰੋਲ ਨਾਨਕ ਨੇ ।੪।
ਝਖੜ ਚਰਚਾ ਦੇ ਲੱਖ ਠਲ੍ਹੇ, ਭਵਾਏ ਮੂੰਹ ਤੂਫਾਨਾਂ ਦੇ,
ਉਦ੍ਹੀ ਹਿੰਮਤ ਹਿਮਾਲਾ ਸੀ, ਨਾ ਖਾਧੇ ਡੋਲ ਨਾਨਕ ਨੇ ।੫।
ਬਸੰਤਾਂ ਪੁੰਗਰੀਆਂ ਮੁੜ ਕੇ, ਮੋਈ ਪਤਝੜ ਦੇ ਸ਼ਿਵਿਆਂ ਚੋਂ,
ਵਜਦ ਵਿਚ ਆਣ ਕੇ ਗਾਇਆ ਜਦੋਂ ਹਿੰਡੋਲ ਨਾਨਕ ਨੇ ।੬।
ਮਲ੍ਹਾਰਾ ਉਸਦਿਆਂ ਵੱਰ੍ਹ ਕੇ, ਬੁਝਾਈ ਅੱਗ ਦੀਪਕ ਦੀ,
ਜਗਤ ਨੂੰ ਹੋਣ ਨਾ ਦਿੱਤਾ, ਜਲਨ ਵਿਚ ਹੋਲ ਨਾਨਕ ਨੇ ।੭।
ਕਲਮ ਨਾਨਕ ਦੀ ਕਰਨੀ ਦੀ, ਨਹੀਂ ਪੜਚੋਲ ਕਰ ਸਕਦੀ,
ਨੇ ਕੇਰੇ ਕਲਮ ਚੋਂ ਮੋਤੀ, ਬੜੇ ਅਣਮੋਲ ਨਾਨਕ ਨੇ ।੮।
ਕਵੀ ਕਰ ਕੇ, ਗੁਰੂ ਕਰ ਕੇ, ਉਨ੍ਹੂੰ ਹੈ ਬੰਦਨਾ ਮੇਰੀ,
ਮੈਂ ਮੂਰਖ ਨੂੰ ਕਵੀ ਕੀਤਾ, ਉਸੇ ਹੀ ਢੋਲ ਨਾਨਕ ਨੇ ।੯।

---

ਮੱਕੇ ਵਿਚ ਕਾਅਬੇ ਨੂੰ ਫਿਰਦਾ ਵਿਖਾ ਕੇ ਤੇ ਬਗ਼ਦਾਦ ਵਿਚ "ਪਾਤਾਲਾ ਪਾਤਾਲ ਲਖ ਆਗਾਸਾ ਆਗਾਸ" ਦੇ ਪ੍ਰਤੱਖ ਦਰਸ਼ਨ ਕਰਾ ਕੇ ਸ਼ਰਈ ਮੁਸਲਮਾਨਾਂ ਨੂੰ ਰੱਬ ਦੇ ਲਾ-ਮਹਦੂਦ (ਅਸੀਮਤ) ਹੋਣ ਦਾ ਗਿਆਨ ਦਿੱਤਾ।

ਬਾਬਰ ਦੀ ਜੇਲ੍ਹ ਵਿਚ ਚੱਕੀ ਆਪੇ ਫਿਰਦੀ ਵਿਖਾ ਕੇ, ਵੇਗਾਰ ਵਿਚ ਫੜੇ ਹੋਏ ਸਾਧਾਂ ਫ਼ਕੀਰਾਂ ਤੇ ਲੁਕਾਈ ਨੂੰ ਛੁਟਕਾਰਾ ਦਿਵਾਇਆ।

ਮਲਕ ਭਾਗੋ ਦੇ ਪਕਵਾਨ ਵਿਚੋਂ ਲਹੂ ਚੋਂਦਾ ਵਿਖਾ ਕੇ ਉਸ ਦਾ ਜਾਤਿ ਅਭਮਾਨ ਦੂਰ ਕੀਤਾ।

ਲਾਹੌਰ ਵਿਚ ਦੂਨੀ ਚੰਦ ਦੇ ਪਿਤਾ ਦੇ ਸ਼ਰਾਧ ਵਾਲੇ ਭੋਜਨ ਦੁਆਰਾ ਉਸ ਨੂੰ ਬਘਿਆੜ ਜੂਨੀ ਤੋਂ ਮੁਕਤ ਕੀਤਾ ਤੇ ਬ੍ਰਾਹਮਣਾਂ ਦੁਆਰਾ ਪਿਤਰਾਂ ਨੂੰ ਸੁਅਰਗ ਵਿਚ ਭੋਜਨ ਆਦਿ ਪੁਚਾਣ ਦਾ ਭਰਮ-ਗੜ੍ਹ ਤੋੜਿਆ ਆਦਿ।

ਇਸ ਸਚਾਈ ਤੋਂ ਸਿਰ ਨਹੀਂ ਫੇਰਿਆ ਜਾ ਸਕਦਾ ਕਿ ਆਪ ਜੀ ਦੀ ਬਾਣੀ ਦੇ ਉੱਚੇ ਤੇ ਸੁੱਚੇ ਉਪਦੇਸ਼ ਰੂਪੀ ਅਮੋਘ ਬਾਣਾਂ ਦੀ ਮਾਰ ਨੇ ਮਨੁੱਖੀ ਹਿਰਦਿਆਂ ਵਿਚ ਘਰ ਕਰ ਚੁਕੇ ਆਸੁਰੀ ਭਾਵਾਂ ਨੂੰ ਸਦਾ ਲਈ ਸਮਾਪਤ ਕਰ ਦਿਤਾ ਤੇ ਉਹ ਲੋਕ ਸਦਾ ਲਈ ਸੰਸਾਰ ਯਾਤਰਾ ਦੇ ਪਾਂਧੀਆਂ ਲਈ ਚਾਨਣ-ਮੁਨਾਰੇ ਬਣ ਗਏ।

ਉਰਦੂ ਦੇ ਸ਼ਾਇਰ 'ਮੁਤਜ਼ਿਰ' ਗੁਜਰਾਂਵਾਲੀਆ ਨੇ ਇਸ ਨਿਰੰਕਾਰੀ ਬਾਬੇ ਦੀ ਸਿਫ਼ਤ ਕਰਦਿਆਂ ਇਕ ਸ਼ਿਅਰ ਦੁਆਰਾ ਸਮੁੰਦਰ ਨੂੰ ਕੁੱਜੇ ਵਿਚ ਬੰਦ ਕਰ ਦਿਤਾ ਹੈ–

ਨਾਨਕ ਆਜ਼ਮ ਕੀ ਹਰ ਤਾਲੀਮ ਆਲਮਗੀਰ ਥੀ।
ਉਲਫ਼ਤੇ ਇਨਸਾਂ ਕੀ ਜੀਤੀ ਜਾਗਤੀ ਤਸਵੀਰ ਥੀ।

www.AKJ.Org

# ਨਾਨਕੀ ਦਾ ਗੀਤ

[ਪ੍ਰੋਫੈਸਰ ਮੋਹਨ ਸਿੰਘ ਜੀ]

ਸਾਡੇ ਵੇਹੜੇ ਆਇਆ ਮਾਏ, ਨੂਰ ਕੋਈ ਰੱਬ ਦਾ,
ਸਾਰੇ ਜੱਗ ਵੇਖ ਲਿਆ, ਸਾਨੂੰ ਕਿਉਂ ਨਾ ਲਾਂਭਦਾ।
ਵੇਖ ਲਿਆ ਦਾਈਆਂ ਤੇ ਪਛਾਣ ਲਿਆ ਪਾਂਧਿਆਂ,
ਮੁਲਾਂ ਕੁਰਬਾਨ ਹੋਇਆ, ਮੁਖ ਨੂੰ ਤਕਾਂਦਿਆਂ।
ਮੱਝੀਆਂ ਤੇ ਗਾਈਆਂ ਡਿੱਠਾ, ਚੁਕ ਚੁਕ ਬੂਥੀਆਂ,
ਕੀੜਿਆਂ ਤੇ ਕਾਢਿਆਂ ਨੇ ਲਭ ਲਈਆਂ ਖ਼ੂਬੀਆਂ।
ਪੰਛੀਆਂ ਪਛਾਣ ਲਏ ਮਾਏ ਉਹਦੇ ਬੋਲ ਨੀ,
ਚਿਤਰੇ ਤੇ ਸ਼ੇਰ ਸੁਤੇ, ਮਸਤ ਉਹਦੇ ਕੋਲ ਨੀ।
ਵਣਾਂ ਕੀਤੇ ਸਾਏ, ਸੱਪਾਂ ਛਜਲੀਆਂ ਖਿਲਾਰੀਆਂ,
ਸਾਗਰਾਂ ਨੇ ਰਾਹ ਦਿਤੇ, ਮੱਛਾਂ ਨੇ ਸਵਾਰੀਆਂ।
ਤਕ ਕੇ ਇਸ਼ਾਰੇ ਉਹਦੇ, ਮੌਲ ਪਈਆਂ ਵਾੜੀਆਂ,
ਲਗ ਉਹਦੇ ਪੰਜੇ ਨਾਲ, ਰੁਕੀਆਂ ਪਹਾੜੀਆਂ।
ਤਕ ਉਹਦੇ ਨੈਣਾਂ ਦੀਆਂ ਡੂੰਘੀਆਂ ਖੁਮਾਰੀਆਂ,
ਭੁਲ ਗਈਆਂ ਟੂਣੇ, ਕਾਮਰੂਪ ਦੀਆਂ ਨਾਰੀਆਂ।
ਠਗਾਂ ਨੂੰ ਠਗੌਰੀ ਭੁਲੀ, ਪੈਰੀਂ ਓਹਦੇ ਲਗ ਨੀ,
ਤਪਦੇ ਕੜਾਹੇ ਬੁਝੇ, ਠੰਢੀ ਹੋਈ ਅੱਗ ਨੀ।
ਹਿਲੀਆਂ ਜਾਂ ਰਤਾ, ਮੇਰੇ ਵੀਰ ਦੀਆਂ ਬੁਲ੍ਹੀਆਂ,
ਜੋਗੀਆਂ ਨੂੰ ਰਿਧਾਂ, ਨਿਧਾਂ, ਸਿਧਾਂ ਸਭੇ ਭੁਲੀਆਂ।
ਇਹ ਕੀ ਏ ਜਹਾਨ, ਸਾਰੇ ਜੱਗ ਉਹਦੇ ਗੋਲੇ ਨੀ,
ਚੰਦ ਸੂਰ ਗਹਿਣੇ, ਅਸਮਾਨ ਉਹਦੇ ਚੋਲੇ ਨੀ।
ਜਲਾਂ, ਥਲਾਂ, ਅੰਬਰਾਂ, ਅਕਾਸ਼ਾਂ ਉਹਨੂੰ ਪਾ ਲਿਆ,
ਰੇਤ ਦਿਆਂ ਜ਼ਰਿਆਂ ਵੀ, ਓਸ ਨੂੰ ਤਕਾ ਲਿਆ।
ਸਾਰੇ ਜਗ ਵੇਖ ਲਿਆ, ਸਾਨੂੰ ਕਿਉਂ ਨਾ ਲਭਦਾ।
ਸਾਡੇ ਵੇਹੜੇ ਆਇਆ ਮਾਏ, ਨੂਰ ਕੋਈ ਰੱਬ ਦਾ।

---

(ਸਫਾ ੧੨ ਦੀ ਬਾਕੀ)

ਜਿਸੁ ਨਾਮੁ ਰਿਦੈ ਤਿਸੁ ਵਡ ਪਰਵਾਰਾ ॥ ਨਾਮ ਬਿਨਾ ਮਨਮੁਖ ਗਾਵਾਰਾ ॥੪॥
ਜਿਸੁ ਨਾਮੁ ਰਿਦੈ ਤਿਸੁ ਨਿਹਚਲ ਆਸਨੁ ॥ ਜਿਸੁ ਨਾਮੁ ਰਿਦੈ ਤਿਸੁ ਤਖਤਿ ਨਿਵਾਸਨੁ ॥
ਜਿਸੁ ਨਾਮੁ ਰਿਦੈ ਸੋ ਸਾਚਾ ਸਾਹੁ ॥ ਨਾਮ ਹੀਣ ਨਾਹੀ ਪਤਿ ਵੇਸਾਹੁ ॥੫॥
ਜਿਸੁ ਨਾਮੁ ਰਿਦੈ ਸੋ ਸਭ ਮਹਿ ਜਾਤਾ ॥ ਜਿਸੁ ਨਾਮੁ ਰਿਦੈ ਸੋ ਪੁਰਖੁ ਬਿਧਾਤਾ ॥
ਜਿਸੁ ਨਾਮੁ ਰਿਦੈ ਸੋ ਸਭ ਤੇ ਊਚਾ ॥ ਨਾਮ ਬਿਨਾ ਭ੍ਰਮਿ ਜੋਨੀ ਮੂਚਾ ॥੬॥
ਜਿਸੁ ਨਾਮੁ ਰਿਦੈ ਤਿਸੁ ਪ੍ਰਗਟਿ ਪਹਾਰਾ ॥ ਜਿਸੁ ਨਾਮੁ ਰਿਦੈ ਤਿਸੁ ਮਿਟਿਆ ਅੰਧਾਰਾ ॥
ਜਿਸੁ ਨਾਮੁ ਰਿਦੈ ਸੋ ਪੁਰਖੁ ਪਰਵਾਣੁ ॥ ਨਾਮ ਬਿਨਾ ਫਿਰਿ ਆਵਣ ਜਾਣੁ ॥੭॥

[ਭੈਰਉ ਮਹਲਾ ੫, ਪੰਨਾ ੧੧੫੫-੫੬



www.AKJ.Org

# ਸਿੱਖੀ ਆਚਰਨ—ਇਕ ਹੋ ਬੀਤੀ ਵਾਰਤਾ

[ਵਲੋਂ—ਪ੍ਰੋਫੈਸਰ ਗੰਗਾ ਸਿੰਘ ਜੀ]

ਜਥੇਦਾਰ ਦਲੇਰ ਸਿੰਘ ਦਾ ਨੌਜਵਾਨ ਸੂਰਬੀਰ ਬੱਚਾ ਬਲਵੰਤ ਸਿੰਘ ਮੁਗਲ ਹਕੂਮਤ ਫੜ ਲਿਆਉਂਦੀ ਹੈ। ਕਾਜ਼ੀ ਨੇ ਉਸ ਨੂੰ ਕਤਲ ਕਰਨ ਦਾ ਫ਼ਤਵਾ ਦੇ ਦਿਤਾ ਹੈ। ਅੰਤਮ ਫੈਸਲਾ ਲੈਣ ਲਈ ਕੋਤਵਾਲ ਅਤੇ ਦੀਵਾਨ ਚੁਰੰਜੀ ਲਾਲ, ਨਵਾਬ ਪਾਸ ਪੁਜਦੇ ਹਨ। ਨਵਾਬ ਇਕ ਹੁਸੀਨਾ ਨਾਲ ਰੰਗ-ਰਲੀਆਂ ਮਨਾ ਰਿਹਾ ਹੁੰਦਾ ਹੈ। ਨੌਜਵਾਨ ਸਿੰਘ ਦੀ ਸੁੰਦਰਤਾ ਵੇਖ ਕੇ ਹੁਸੀਨਾਂ, ਉਸ ਨੂੰ ਬੰਦੀ ਤੋਂ ਰਿਹਾ ਕਰ ਦੇਣ ਦਾ ਹੁਕਮ ਦਿਵਾਣਾ ਚਾਹੁੰਦੀ ਹੈ ਪਰ ਦੀਵਾਨ ਦੇ ਮੂੰਹੋਂ ਉਸ ਦੀ ਬੇਪਤੀ ਦੇ ਸ਼ਬਦ ਨਿਕਲਦੇ ਹਨ। ਬਹਾਦਰ ਗੁਰੂ ਕਾ ਲਾਲ ਬਲਵੰਤ ਸਿੰਘ ਤਾਂ ਸਿੱਖੀ ਵਿਚ ਅਡੋਲ ਰਹਿ ਕੇ ਸ਼ਹੀਦੀ ਪ੍ਰਾਪਤ ਕਰ ਜਾਂਦਾ ਹੈ, ਪਰ ਉਹ ਮੁਟਿਆਰ ਹੁਸੀਨਾ ਦੀਵਾਨ ਚੁਰੰਜੀ ਲਾਲ ਦੇ ਵੈਰ ਪੈ ਜਾਂਦੀ ਹੈ।

ਇਕ ਸਾਜ਼ਸ਼ ਘੜੀ ਗਈ। ਇਕ ਮੁਗਲ ਸ਼ਹਿਜ਼ਾਦੇ ਸਲੇਮ ਨੂੰ ਦੀਵਾਨ ਦੀ ਲੜਕੀ ਪਾਰਬਤੀ ਦੀ ਸੁੰਦਰਤਾ ਦਸ ਕੇ ਪ੍ਰੇਰਿਆ ਗਿਆ। ਇਕ ਫਫੇਕੁਟਣ ਬਾਮ੍ਹਣੀ ਦੀਵਾਨ ਦੇ ਘਰ ਨੌਕਰਾਣੀ ਬਣ ਕੇ ਰਹਿੰਦੀ ਹੈ ਅਤੇ ਆਪਣੇ ਧਾਰਮਕ ਪਖੰਡ ਦਾ ਪ੍ਰਭਾਵ ਪਾ ਕੇ ਪਾਰਬਤੀ ਨੂੰ ਇਕ ਸਵੇਰ ਐਰਾਵਤੀ (ਰਾਵੀ) ਦਾ ਇਸ਼ਨਾਨ, ਵਿਧੀ ਪੂਰਬਕ ਕਰਾਣ ਲੈ ਜਾਂਦੀ ਹੈ। ਉਥੋਂ ਗੁੰਡੇ ਪਾਰਬਤੀ ਨੂੰ ਮੁਗਲ ਸ਼ਹਿਜ਼ਾਦੇ ਦੀ ਹਵੇਲੀ ਵਿਚ ਲੈ ਜਾਂਦੇ ਹਨ। ਕਾਜ਼ੀ ਨੂੰ ਹਵੇਲੀ ਵਿਚ ਸਦ ਕੇ ਨਿਕਾਹ ਪੜ੍ਹਾ-ਲਿਖਾ ਲਿਆ ਜਾਂਦਾ ਹੈ। ਅਤੇ ਪਾਲਕੀ ਵਿਚ ਬਿਠਾ ਕੇ ਪਾਰਬਤੀ ਨੂੰ ਦੀਵਾਨ ਸਾਹਿਬ ਦੇ ਘਰ ਤੋਰ ਦਿਤਾ ਜਾਂਦਾ ਹੈ।

ਪਾਰਬਤੀ ਦੇ ਘਰ ਪੁਜਣ ਤੇ ਦੀਵਾਨ ਇਸ ਧੱਕੇਸ਼ਾਹੀ ਵਿਰੁਧ ਬੜੀ ਨਸ ਭਜ ਕਰਦਾ ਹੈ। ਸੈਂਕੜੇ ਸਿਖਾਂ ਨੂੰ ਲਭ ਲਭ ਕੇ ਕਤਲ ਕਰਾਉਣ ਵਾਲੇ ਹਿੰਦੂ ਦੀਵਾਨ ਦੀ, ਅਜ ਆਪਣੀ ਕੋਈ ਪੇਸ਼ ਨਹੀਂ ਜਾਂਦੀ। ਕਾਜ਼ੀ ਨੇ ਆਖ਼ਰੀ ਫ਼ੈਸਲਾ ਸੁਣਾ ਦਿਤਾ ਕਿ ਪਾਰਬਤੀ ਨੂੰ ਹਫ਼ਤੇ ਦੇ ਵਿਚ ਵਿਚ ਮੁਗਲ ਸ਼ਹਿਜ਼ਾਦੇ ਦੇ ਘਰ ਤੋਰਨਾ ਪਏਗਾ।

ਨਿਰਾਸ਼ ਹੋਇਆ ਦੀਵਾਨ ਰਾਵੀ ਦੇ ਕੰਢੇ ਇਕ ਜੋਗੀ ਦੀ ਕੁਟੀਆ ਤੇ ਮੋਹਰਾਂ ਭੇਟ ਲੈ ਕੇ ਪੁਜਦਾ ਹੈ। ਉਸ ਦੀ ਸਾਧਨਾ ਵੀ ਕੋਈ ਸਹਾਇਤਾ ਨਾ ਕਰ ਸਕੀ। ਤੇ ਜੋਗੀ ਇਹ ਕਹਿ ਕੇ ਅੱਧੀ ਰਾਤੇ ਉਥੋਂ ਤੋਰ ਦਿੰਦਾ ਹੈ, "ਭਾਵੀ ਅਮਿਟ ਹੈ, ਕਰਮ ਦਾ ਫਲ ਅਵੱਸ਼ ਭੋਗਣਾ ਹੀ ਪਵੇਗਾ।"

[ਉਪਰੋਕਤ ਵਾਰਤਾ ਲੇਖਕ ਦੀ ਲੰਬੀ ਚੌੜੀ ਲਿਖਤ ਦਾ ਸੰਖੇਪ ਹੈ। ਇਸ ਤੋਂ ਅਗੇ ਹੁਣ ਲੇਖਕ ਦੀ ਲਿਖੀ ਵਾਰਤਾ ਪੜੋ। —ਸੰਪਾਦਕ

ਜੋਗੀ ਦੀਆਂ ਇਨ੍ਹਾਂ ਗੱਲਾਂ ਨੇ ਦੀਵਾਨ ਦੀ ਬਲਦੀ ਤੇ ਤੇਲ ਪਾਇਆ। ਉਹ 'ਝੂਠ, ਮਕਰ, ਫਰੇਬ' ਕਹਿੰਦਾ ਹੋਇਆ ਤੁਰ ਪਿਆ।

ਪਹਿਰ ਰਾਤ ਦਾ ਤੜਕਾ ਸੀ, ਦਰਿਆ ਦਾ ਸੁੰਨਸਾਨ ਜੰਗਲ, ਤੇ ਪੰਛੀ ਵੀ ਆਹਲਣਿਆਂ ਵਿਚ ਸੁੱਤੇ ਪਏ ਸਨ। ਇਸ ਇਕਾਂਤ ਨੇ ਦੀਵਾਨ ਨੂੰ ਹੋਰ ਵੀ ਹੈਰਾਨ ਕੀਤਾ। ਓਹ ਉੱਚੀ ਉੱਚੀ ਢਾਹਾਂ ਮਾਰਦਾ ਤੇ ਇਹ ਕਹਿੰਦਾ ਜਾ ਰਿਹਾ ਸੀ, "ਹੇ ਧਰਤੀ! ਜਦ ਤੇਰੇ ਤੇ ਦੀਨ ਰਖਸ਼ਕ ਬੀਰ ਕੋਈ ਨਹੀਂ ਰਿਹਾ ਜੋ ਗਰੀਬਾਂ ਦੀ ਫ਼ਰਿਆਦ ਸੁਣੇ ਤਾਂ ਤੂੰ ਫਟ ਕਿਉਂ ਨਹੀਂ ਜਾਂਦੀ? ਹੇ ਅਸਮਾਨ ਦੇ ਤਾਰਿਓ! ਤੁਸੀਂ ਕਿਉਂ ਬਿਜਲੀ ਵਾਂਗ ਉਨ੍ਹਾਂ ਜ਼ਾਲਮਾਂ ਤੇ ਨਹੀਂ ਡਿਗ ਪੈਂਦੇ ਜੋ ਸਤਵੰਤੀਆਂ ਦੇ ਸਤ ਤੋੜ ਰਹੇ ਹਨ? ਹੇ ਬਿਧਾਤਾ! ਕੀ ਇਸ ਦੇਸ ਵਿੱਚ ਕੋਈ ਵੀ ਨਿਆਇ ਦਾ ਰਾਖਾ ਨਹੀਂ ਹੈ? ਹੇ ਭਗਵਾਨ! ਕੀ ਤੁਸੀਂ ਸੱਚੀ ਮੁੱਚੀ ਖੀਰ ਸਮੁੰਦਰ ਵਿਚ ਸੌਂ ਰਹੇ ਹੋ? (ਫੇਰ ਖਿੱਝ ਕੇ) ਨਹੀਂ, ਕੋਈ ਭਗਵਾਨ ਨਹੀਂ, ਨਾ ਕੋਈ ਪਰਮੇਸ਼ੁਰ ਹੈ। ਇਹ ਬ੍ਰਾਹਮਣਾਂ ਤੇ ਫਕੀਰਾਂ ਦੀਆਂ ਬਣਾਈਆਂ ਹੋਈਆਂ ਗੱਲਾਂ ਨੇ। ਜੇ ਹੁੰਦਾ ਤਾਂ ਮੈਨੂੰ ਕੋਈ ਬਹੁੜਦਾ ਨਾ?" ਏਨੇ ਨੂੰ ਦਰਿਆ



www.AKJ.Org

ਵੱਲੋਂ ਇੱਕ ਅਵਾਜ਼ ਆਈ–"ਓ ਦੀਨ ਦੁਖੀ ! ਆਪਣੇ ਦੁਖ ਤੋਂ ਘਬਰਾ ਕੇ ਆਪਣੇ ਵਾਹਿਗੁਰੂ ਦੀ ਹੋਂਦ ਤੋਂ ਇਨਕਾਰ ਨਾ ਕਰ। ਉਹ ਹੈ ਤੇ ਸਦਾ ਅੰਗ ਸੰਗ ਹੈ।" ਹੁਣ ਕੁਛ ਚੰਦਰਮਾ ਵੀ ਚੜ੍ਹ ਆਇਆ ਸੀ ਤੇ ਝੱਲ ਵਿੱਚੋਂ ਨਿਕਲ ਕੇ ਦਰਿਆ ਦੇ ਕੰਢੇ ਤੇ ਬਿਲਕੁਲ ਹੀ ਚਾਨਣ ਸੀ। ਦੀਵਾਨ ਨੇ ਭੌਂ ਕੇ ਵੇਖਿਆ ਤਾਂ ਦਰਿਆ ਵੱਲੋਂ ਇੱਕ ਸਿੱਧੇ ਸਫੈਦ ਦਾਹੜੇ ਤੇ ਨੂਰਾਨੀ ਚਿਹਰੇ ਵਾਲਾ ਸ਼ਸਪਰ-ਧਾਰੀ, ਬਲੀ ਸੂਰਮਾ ਇਸ਼ਨਾਨ ਕਰ ਕੇ ਆ ਰਿਹਾ ਸੀ। ਚੁਰੰਜੀ ਲਾਲ ਨੇ ਇੱਕ ਨਿਗਾਹ ਨਾਲ ਹੀ ਸਿੰਞਾਣ ਲਿਆ ਜੁ ਇਹ ਕੋਈ ਸਿੱਖ ਹੈ। ਦੀਵਾਨ ਆਪਣੇ ਜੀ ਵਿੱਚ ਕੰਬ ਗਿਆ। ਸੈਂਕੜੇ ਮਜ਼ਲੂਮ ਸਿੱਖਾਂ ਦੇ ਖੂਨ ਦੇ ਨਜ਼ਾਰੇ ਉਸਦੀਆਂ ਅੱਖਾਂ ਦੇ ਅੱਗੇ ਆ ਗਏ। ਦਿਲ ਵਿੱਚ ਕਹਿਣ ਲੱਗਾ ਕਿ ਜਿਵੇਂ ਹੋ ਸਕੇ ਇਸ ਤੋਂ ਜਾਨ ਬਚਾ ਲਓ। ਉਹ ਦੜ ਮਾਰ ਕੇ ਇੱਕ ਪਾਸੇ ਤੁਰਨ ਹੀ ਲੱਗਾ ਸੀ ਜਾਂ ਉਸ ਸਿੰਘ ਨੇ ਰਸਤਾ ਰੋਕ ਲਿਆ ਤੇ ਕਿਹਾ, "ਓ ਦੁਖਿਆਰੇ ! ਤੂੰ ਰੋਣਾ ਬੰਦ ਕਰ ਤੇ ਆਪਣੀ ਵਿਥਿਆ ਸੁਣਾ। ਮੈਂ ਤੈਨੂੰ ਦੀਨ-ਰਖਸ਼ਕ ਦੀ ਦੱਸ ਪਾਵਾਂਗਾ, ਜੋ ਸੰਸਾਰ ਦੇ ਦੀਨਾਂ ਦੀ ਮਦਦ ਲਈ ਅਰਸ਼ਾਂ ਤੋਂ ਘਲਿਆ ਗਿਆ ਹੈ।"

ਦੀਵਾਨ–ਭਾਈ ਮੁਆਫ਼ ਕਰ, ਆਪਣੇ ਰਾਹ ਲੱਗ। ਮੈਂ ਤੈਨੂੰ ਸਿੰਞਾਣ ਲਿਆ ਹੈ। ਤੂੰ ਤਾਂ ਕੋਈ ਸਿੱਖ ਹੈਂ, ਜੋ ਇਕ ਬਾਗੀਆਂ ਦਾ ਟੋਲਾ ਹੈ। ਤੁਸੀਂ ਆਪ ਲੋਕਾਂ ਨੂੰ ਲੁਟਦੇ ਫਿਰਦੇ ਹੋ।

ਸਿੰਘ–ਤੇਰੀ ਪਹਿਲੀ ਗੱਲ ਸੱਚੀ ਹੈ। ਅਸੀਂ ਬਾਗ਼ੀ ਹਾਂ, ਪਰ ਕਿਸ ਹਕੂਮਤ ਤੋਂ ? ਉਸ ਤੋਂ ਜੋ ਲੋਕਾਂ ਦੀਆਂ ਬਹੂ-ਬੇਟੀਆਂ ਦੀ ਇੱਜ਼ਤ ਬਰਬਾਦ ਤੇ ਸਤ ਭੰਗ ਕਰਦੀ ਹੈ। ਉਹ ਜਰਵਾਣਿਆਂ ਦਾ ਇੱਕਠ ਹੈ ਤੇ ਅਸੀਂ ਪਰਮੇਸ਼ਰ ਦੇ ਸਿਪਾਹੀ ਹਾਂ। ਸੋ ਜਿੰਨਾ ਚਿਰ ਉਸ ਰਾਜ ਦੀਆਂ ਜੜ੍ਹਾਂ ਉਖੇੜ ਨਹੀਂ ਦੇਂਦੇ, ਅਸੀਂ ਬਾਗੀ ਹੀ ਰਹਾਂਗੇ। ਪਰ ਇਹ ਝੂਠ ਹੈ ਜੁ ਅਸੀਂ ਲੁਟੇਰੇ ਹਾਂ। ਇਹ ਸਾਡੇ ਵਿਰੁੱਧ ਹਕੂਮਤ ਦੀਆਂ ਫੈਲਾਈਆਂ ਹੋਈਆਂ ਝੂਠੀਆਂ ਗੱਲਾਂ ਹਨ। ਤੂੰ ਆਪਣੀ ਵਿਥਿਆ ਸੁਣਾ, ਫਿਰ ਤੈਨੂੰ ਆਪੇ ਪਤਾ ਲਗ ਜਾਵੇਗਾ ਜੁ ਅਸੀਂ ਕੌਣ ਲੋਕ ਹਾਂ।

ਦੀਵਾਨ ਆਪਣੇ ਦਿਲ ਵਿੱਚ ਡਰ ਰਿਹਾ ਸੀ ਜੁ ਮੈਂ ਆਪਣਾ ਭੇਦ ਦੱਸਾਂ ਜਾਂ ਨਾ। ਪਰ ਓੜਕ ਕਹਿਣ ਲੱਗਾ, ਦੇਖੀ ਜਾਏਗੀ, ਜੇ ਇਸ ਸਿੱਖ ਨੇ ਮੈਨੂੰ ਕਤਲ ਕਰ ਦਿੱਤਾ ਤਾਂ ਵੀ ਚੰਗਾ ਹੈ, ਉਹ ਬੇਇਜ਼ਤੀ ਦਾ ਦ੍ਰਿਸ਼ ਤਾਂ ਨਾ ਵੇਖਾਂਗਾ ਜੋ ਚੌਥੇ ਦਿਨ ਹੋਣ ਵਾਲੀ ਹੈ। ਫਿਰ ਉਸ ਸਿੱਖ ਵੱਲ ਤੱਕ ਕੇ ਕਹਿਣ ਲੱਗਾ, ਭਾਈ ਭਾਵੇਂ ਮਾਰ ਤੇ ਭਾਵੇਂ ਛੱਡ, ਮੈਂ ਦੀਵਾਨ ਚੁਰੰਜੀ ਲਾਲ ਹਾਂ। ਤੇ ਇਸਦੇ ਮਗਰੋਂ ਉਸ ਨੇ ਆਪਣੀ ਸਾਰੀ ਦੁਖ ਭਰੀ ਵਿਥਿਆ ਕਹਿ ਸੁਣਾਈ। ਓੜਕ ਹਉਕਾ ਭਰ ਕੇ ਕਹਿਣ ਲੱਗਾ, "ਇਸ ਮਲੇਛ ਰਾਜ ਵਿੱਚ ਦੀਨਾਂ ਦਾ ਕੌਣ ਸਹਾਈ ਹੈ। ਮੈਂ ਸਿੱਖਾਂ ਕੋਲੋਂ ਕਦ ਮਦਦ ਦੀ ਉਮੈਦ ਰੱਖ ਸਕਦਾ ਹਾਂ ਜਿਨ੍ਹਾਂ ਦੇ ਪੂਰਾਂ ਦੇ ਪੂਰ ਮੈਂ ਹੱਥੀਂ ਖਪਾਏ ਹਨ।"

ਸਿੰਘ–ਤੂੰ ਆਪਣੀ ਕਰਨੀ ਦਾ ਫਲ ਅਕਾਲ ਪੁਰਖ ਦੀ ਦਰਗਾਹੋਂ ਪਾਵੇਂਗਾ। ਪਰ ਇਸ ਵੇਲੇ ਤੂੰ ਦੀਨ ਦੁਖੀਆ ਹੈਂ, ਤੇਰੀ ਰੱਖਿਆ ਕਰਨੀ ਪੰਥ ਦਾ ਧਰਮ ਹੈ। ਮੈਂ ਤੇਰੀ ਫ਼ਰਿਆਦ ਪੰਥ ਤੱਕ ਜ਼ਰੂਰ ਪਹੁੰਚਾਵਾਂਗਾ।

ਦੀਵਾਨ– ਕੀ ਸੱਚੀ ਮੁੱਚੀ ਸਿਖ ਅਜਿਹੇ ਹੀ ਫ਼ਰਿਸ਼ਤੇ ਹਨ ? ਮੈਂ ਤਾਂ ਅਜਿਹਾ ਨਹੀਂ ਸਮਝਦਾ ਰਿਹਾ। ਐ ਰਾਜ-ਰਿਖੀ ! ਭਲਾ ਆਪ ਦਾ ਨਾਮ ਕੀ ਹੈ ?

ਸਿੰਘ–ਨਾਮ ਸ੍ਰੀ ਅਕਾਲ ਪੁਰਖ ਦਾ ਹੈ। ਸਾਨੂੰ ਸਮੇਂ ਦੀ ਚਾਲ ਤੇ ਨੀਤੀ ਆਪਣਾ ਠਿਕਾਣਾ ਤੇ ਨਾਮ ਦੱਸਣ ਦੀ ਆਗਿਆ ਨਹੀਂ ਦੇਂਦੀ। ਤੂੰ ਇਤਨਾ ਹੀ ਜਾਣ ਲੈ ਜੁ ਮੈਂ ਸ੍ਰੀ ਕਬਗੀਧਰ ਜੀ ਦਾ ਦਾਸ ਤੇ ਪੰਥ ਦਾ ਇਕ ਨਿਮਾਣਾ ਸੇਵਕ ਹਾਂ। ਕਲਗੀਆਂ ਵਾਲੇ ਅਕਾਲ ਪੁਰਖ ਦੇ ਪੁਤਰ ਹਨ। ਉਨ੍ਹਾਂ ਦੀ ਆਪਣੀ ਪਿਤਾ ਦੀ ਰਾਜਧਾਨੀ ਵਿੱਚ ਕੋਤਵਾਲ ਹੈ। ਅਸੀਂ ਉਨ੍ਹਾਂ ਦੇ ਸਿਪਾਹੀ ਹਾਂ। ਸੰਤਾਂ ਨੂੰ ਮਾਨ ਤੇ ਦੁਸ਼ਟਾਂ ਨੂੰ ਡੰਡ ਦੇਣਾ ਸਾਡਾ ਕਰਤਬ ਹੈ।

ਦੀਵਾਨ–ਤਾਂ ਸੱਚ ਮੁੱਚ ਤੁਸੀਂ ਦੁਨੀਆ ਵਿੱਚ ਬੜੀ ਭਾਰੀ ਨੇਕੀ ਕਰ ਰਹੇ ਹੋ।


www.AKJ.Org

ਸਿੰਘ—ਅਸੀਂ ਨੇਕੀਆਂ ਬਦੀਆਂ ਦੇ ਛੇਖੇ ਵਿਚ ਕਦੀ ਨਹੀਂ ਪਏ, ਹੁਕਮੀ ਬੰਦੇ ਹਾਂ, ਹੁਕਮ ਵਿਚ ਕਾਰ ਕਰਦੇ ਹਾਂ। ਇਹ ਮਾਲਕ ਨੂੰ ਪਤਾ ਹੈ ਜੁ ਇਹ ਨੇਕੀ ਹੈ ਕਿ ਬਦੀ।

ਦੀਵਾਨ—ਤੁਹਾਡੇ ਕਲਗੀਆਂ ਵਾਲੇ ਤਾਂ ਕਦੋਂ ਦੇ ਸਮਾ ਗਏ ਹਨ, ਹੁਣ ਕੋਤਵਾਲੀ ਕਿਵੇਂ ਨਿਭੇਗੀ ?

ਸਿੰਘ(ਹੱਸ ਕੇ)—ਤੁਸੀਂ ਹਿੰਦੂ ਲੋਕ ਬੁਤਾਂ ਦੇ ਪੁਜਾਰੀ ਹੋ, ਤਨਾਂ ਦੇ ਉਪਾਸ਼ਕ ਹੋ, ਜੋਤਿ ਦੇ ਮਹਿਰਮ ਨਹੀਂ। ਅਸੀਂ ਜਾਗਤ ਜੋਤਿ ਨੂੰ ਪੂਜਨੇ ਹਾਂ। ਜੋਤਿ ਜੋਤੀ-ਸਰੂਪ ਸ੍ਰੀ ਵਾਹਿਗੁਰੂ ਜੀ ਦੀ ਹੈ। ਉਹ ਸ੍ਰੀ ਕਲਗੀਧਰ ਜੀ ਵਿਚ ਪ੍ਰਕਾਸ਼ ਹੋਈ ਸੀ। ਉਨ੍ਹਾਂ ਨੇ ਦੀਪਕ ਪੰਥ ਵਿੱਚ ਜਗਾਇਆ ਹੈ। ਦੀਵੇ ਟੁਟਦੇ ਭਜਦੇ ਰਹਿਣਗੇ, ਜੋਤੀ ਅਬਚਲੀ ਤੇ ਅਮਰ ਹੈ। ਪੰਥ ਪ੍ਰਕਾਸ਼ ਹੋਇਆ ਹੋਇਆ ਸਦਾ ਰੌਸ਼ਨ ਸ੍ਰੀ ਅਕਾਲ ਪੁਰਖ ਜੀ ਦਾ ਦੀਪਕ ਹੈ। ਇਸਦੀ ਰੌਸ਼ਨੀ ਤੇ ਤੇਜ ਵਿਚ ਸਦਾ ਨਿਆਇ ਹੀ ਹੋਵੇਗਾ, ਜੋਰ ਜਬਰ ਨੂੰ ਥਾਉਂ ਨਹੀਂ।

ਦੀਵਾਨ ਨੇ ਕਿਹਾ, ਮੈਨੂੰ ਇਸਦੀ ਸਮਝ ਨਹੀਂ ਆਉਂਦੀ। ਮੈਨੂੰ ਆਪਣੇ ਭਾ ਦੀ ਬਣੀ ਹੋਈ ਹੈ। ਅੱਛਾ ਆਗਿਆ ਦਿਓ ਤੇ ਤੁਸੀਂ ਆਪਣਾ ਰਾਹ ਫੜੋ।

ਸਿੰਘ—ਬਹੁਤ ਅੱਛਾ ! ਪਰ ਇਕ ਗੱਲ ਮੇਰੀ ਯਾਦ ਰਖਣੀ। ਇਕ ਰਾਜ-ਨੀਤ ਦੀ ਚਾਲ ਚੱਲਣੀ ਹੈ। ਤੂੰ ਤੁਰਕਾਂ ਦੀ ਦੁਸ਼ਟ-ਮੰਡਲੀ ਨੂੰ ਜਾ ਕੇ ਇਹ ਕਹੀਂ ਕਿ ਮੈਂ ਆਪਣੀ ਧੀ ਦਾ ਡੋਲਾ ਤਾਂ ਦੇਣ ਨੂੰ ਤਿਆਰ ਹਾਂ, ਪਰ ਤੁਸੀਂ ਸਾਊਆਂ ਵਾਂਗ ਮੇਰੇ ਘਰ ਆਓ ਤੇ ਮੈਂ ਰਾਜਾ ਭਗਵਾਨ ਦਾਸ ਵਾਂਗ ਆਪਣੀ ਕੰਨਯਾ ਦਾਨ ਕਰਾਂਗਾ, ਵਿਆਹ ਹਿੰਦੂ ਰੀਤੀ ਮੂਜਬ ਪੰਡਤ ਜੀ ਕਰਨਗੇ। ਤੇ ਫਿਰ ਤੂੰ ਦੇਖੀਂ ਕਰਤਾਰ ਦੇ ਰੰਗ, ਕੀ ਕਰਦਾ ਹੈ !

੯.

ਦੀਵਾਨ ਨੂੰ ਸਿੰਘ ਦੀਆਂ ਗੱਲਾਂ ਨੇ ਕੁਝ ਹੌਸਲਾ ਜਿਹਾ ਬੰਨ੍ਹ ਦਿਤਾ ਤੇ ਉਸਨੇ ਬਿਨਾਂ ਕਿਸੇ ਠਾਲ ਗੱਲ ਕੱਥ ਕਰਨ ਦੇ ਘਰ ਪਹੁੰਚਦਿਆਂ ਹੀ ਸਲੇਮ ਦੇ ਘਰ ਸੁਨੇਹਾ ਭੇਜ ਦਿੱਤਾ ਜੁ ਜੰਞ ਦੀ ਤਿਆਰੀ ਕਰੋ। ਸਾਰੇ ਸ਼ਹਿਰ ਵਿਚ ਇਹ ਗੱਲ ਧੁੰਮ ਗਈ। ਹਿੰਦੂਆਂ ਦੀ ਬਰਾਦਰੀ ਨੇ ਦਿਲੋਂ ਤਾਂ ਬੜਾ ਬੁਰਾ ਸਮਝਿਆ, ਪਰ ਡਰਦਾ ਕੋਈ ਬਿਰਕ ਨਾ ਸਕੇ। ਦੀਵਾਨ ਸਾਰਿਆਂ ਪੁਛਣ ਵਾਲਿਆਂ ਨੂੰ ਆਖੀ ਜਾਵੇ ਕਿ ਜੇ ਮੈਂ ਡੋਲਾ ਦੇਣਾ ਹੀ ਹੈ ਤਾਂ ਇੱਜ਼ਤ ਪੱਤ ਨਾਲ ਕਿਉਂ ਨਾ ਦੇਵਾਂ। ਮੋਮਨ ਖ਼ਾਂ ਜਿਹੇ ਚੰਦ ਇਕ ਸੱਚੇ ਮੁਸਲਮਾਨਾਂ ਤੋਂ ਬਿਨਾਂ ਲਾਹੌਰ ਦੀ ਇਸਲਾਮੀ ਆਬਾਦੀ ਦੀਵਾਨ ਦਾ ਇਹ ਫ਼ੈਸਲਾ ਸੁਣ ਕੇ ਕੱਛਾਂ ਮਾਰ ਰਹੀ ਸੀ। ਲੋਕ ਇਹ ਵੀ ਕਹਿੰਦੇ ਸਨ, ਜੀ ਅਸਲ ਵਿਚ ਕੁੜੀ ਦੀ ਮਰਜ਼ੀ ਸੀ, ਇਹ ਉਤੋਂ ਉਤੋਂ ਜਗਤ-ਦਿਖਾਵਾ ਹੀ ਬਣਿਆ ਹੋਇਆ ਸੀ, ਤਾਹੀਏਂ ਉਹ, ਜਦੋਂ ਦਾ ਦੀਵਾਨ ਸਾਹਿਬ ਨੇ ਫੈਸਲਾ ਕੀਤਾ ਹੈ, ਚਾਈਂ ਚਾਈਂ ਫਿਰ ਰਹੀ ਹੈ।

ਮੁਕੱਰਰ ਦਿਨ ਆ ਗਿਆ। ਸਲੇਮ ਮਿਰਜ਼ਾ ਨੇ ਲਾਹੌਰ ਦੇ ਚੁਣਵੇਂ ਘਰਾਣਿਆਂ ਦੇ ਜਾਂਞੀ ਸਦੇ। ਕਾਜ਼ੀ ਸਾਹਿਬ ਦੇ ਨਾਲ ਹੋਣ ਕਰਕੇ ਸ਼ਰਾਬ ਤੇ ਨਾਚ ਦੀਆਂ ਮਜਲਸਾਂ ਅਗਲੇ ਦਿਨ ਤੇ ਮੁਲਤਵੀ ਕੀਤੀਆਂ ਗਈਆਂ ਤੇ ਚੋਣਵੇਂ ਅਮੀਰਾਂ ਦੀ ਛੋਟੀ ਜਿਹੀ ਜੰਞ ਦੀਵਾਨ ਦੇ ਘਰ ਪੁੱਜੀ। ਵਿਆਹ ਰਾਤ ਨੂੰ ਹੋਣਾ ਸੀ। ਕੁਰਾਨ ਤੇ ਪੰਡਤ ਜੀ ਬੁਲਾਏ ਗਏ। ਸਲੇਮ ਮਿਰਜ਼ਾ ਲਾੜਾ ਬਣ ਕੇ ਫੇਰਿਆਂ ਲਈ ਅਗੇ ਹੋ ਬੈਠਾ। ਪਤਾ ਨਹੀਂ ਕਿਉਂ ਵੇਦੀ ਦੀ ਅੱਗ ਵਿਚ ਕੁਝ ਅਜਿਹੀ ਸਮਿਗ੍ਰੀ ਪਾਈ ਗਈ ਸੀ ਜਿਸ ਕਰਕੇ ਧੂੰਆਂ ਵਧੇਰੇ ਹੋ ਗਿਆ। ਮੁਸਲਮਾਨ ਭਾਵੇਂ ਇਸ ਕੁਫ਼ਰ ਦੀ ਰਸਮ ਤੇ ਨੱਕ ਤਾਂ ਬੜਾ ਚਾੜ੍ਹ ਰਹੇ ਸਨ, ਪਰ ਆਪਣੀ ਮਾਰ ਦੀ ਖ਼ਿਆਲ ਤੇ ਚੁਪ ਕੀਤੇ ਹੋਏ ਸਨ। ਜਾਂ ਪਾਰਬਤੀ ਫੇਰਿਆਂ ਲਈ ਅੰਦਰੋਂ ਸੱਦੀ ਗਈ ਤਾਂ ਲੋਕ ਦੇਖ ਕੇ ਹੈਰਾਨ ਹੋ ਗਏ ਜੁ ਉਹ ਨੰਗੇ ਮੂੰਹ ਆ ਰਹੀ ਸੀ। ਉਸ ਦੀ ਸੁੰਦਰਤਾ ਤੇ ਤੇਜ ਭਰੇ ਚਿਹਰੇ ਨੂੰ ਵੇਖ ਕੇ ਸਾਰੇ ਮੂਰਤੀਆਂ ਬਣ ਗਏ। ਹਿੰਦੂਆਂ ਨੇ ਆਪਣੇ ਦਿਲ ਵਿਚ ਅਪੱਛਰਾਂ ਤੇ ਮੋਮਨਾਂ ਨੇ ਹੂਰ ਸਮਝੀ। ਪਾਰਬਤੀ ਨੇ ਆਉਂਦਿਆਂ ਹੀ ਗਰਜ ਕੇ ਕਿਹਾ—

"ਮੈਂ ਇਸ ਸਭਾ ਵਿਚ, ਜਿਥੇ ਹਿੰਦੂਆਂ ਦਾ ਪੰਡਤ ਤੇ ਅਗਨੀ ਦੇਵਤਾ ਅਤੇ ਮੁਸਲਮਾਨਾਂ ਦਾ ਕਾਜ਼ੀ ਤੇ ਕੁਰਾਨ ਮੌਜੂਦ ਹੈ, ਦੁਹਾਈ ਦੇ ਕੇ ਕਹਿੰਦੀ ਹਾਂ ਕਿ ਮੈਂ ਇਕ ਨਿਰਦੋਸ਼ੀ ਨਿਮਾਣੀ ਕੰਨਿਆਂ ਹਾਂ, ਮੈਨੂੰ ਜਬਰਨ



www.AKJ.Org

ਇਕ ਬਦਮਾਸ਼ ਅੱਯਾਸ਼ ਦੇ ਹੱਥ ਦਿਤਾ ਜਾ ਰਿਹਾ ਹੈ। ਕੋਈ ਮੇਰੀ ਬਹੁੜੀ ਕਰੋ ਤੇ ਇਨਸਾਫ ਦਾ ਪੱਖ ਪਾਲੋ।"

ਬ੍ਰਾਹਮਣ ਦੇਵਤਾ ਤਾਂ ਸੁੰਨ ਹੋ ਗਏ, ਪਰ ਕਾਜ਼ੀ ਨੇ ਕਿਹਾ, "ਇਹ ਗੱਲਾਂ ਅਗੇ ਹੋ ਚੁਕੀਆਂ ਨੇ। ਮੁਕੱਦਮਾ ਬਾਕਾਇਦਾ ਅਦਾਲਤ ਵਿਚ ਪੇਸ਼ ਹੋ ਕੇ ਫੈਸਲਾ ਹੋ ਚੁਕਾ ਹੈ, ਹੁਣ ਦੋਬਾਰਾ ਸੁਤੀ ਕਲਾ ਜਗਾਉਣ ਦੀ ਲੋੜ ਨਹੀਂ। ਤੂੰ ਸਲੇਮ ਮਿਰਜ਼ਾ ਦੀ ਨਿਕਾਹੀ ਹੋਈ ਬੀਵੀ ਹੈਂ, ਇਹ ਰਸਮ ਤਾਂ ਕੇਵਲ ਤੇਰੇ ਮਾਪਿਆਂ ਦੀ ਦਿਲਜੋਈ ਲਈ ਹੋ ਰਹੀ ਹੈ।"

ਪਾਰਬਤੀ—ਤਾਂ ਕੀ ਇਸ ਸੰਸਾਰ ਵਿਚ ਮੇਰੀ ਮਦਦ ਕਰਨ ਵਾਲਾ ਕੋਈ ਨਹੀਂ, ਜੋ ਮੈਨੂੰ ਇਸ ਚੰਡਾਲ-ਚੌਕੜੀ ਦੇ ਹਥੋਂ ਬਚਾਵੇ ? ਮੈਂ ਕਦੀ ਫੇਰੇ ਨਹੀਂ ਲਵਾਂਗੀ।

ਕਾਜ਼ੀ (ਕ੍ਰੋਧ ਨਾਲ)—ਮਰਦੂਦ ਕਮਬਖਤ ਸ਼ੈਤਾਨ ਲੜਕੀ, ਕਿਤਨੀਆਂ ਗੁਸਤਾਖ਼ੀ ਦੀਆਂ ਗੱਲਾਂ ਕਰ ਰਹੀ ਹੈਂ! ਫੇਰੇ ਨਹੀਂ ਲੈਣੇ ਤਾਂ ਮਿਰਜ਼ਾ, ਉੱਠੋ ਅਰ ਬਾਹੋਂ ਫੜ ਆਪਣੇ ਘਰ ਲੈ ਜਾਓ।

ਮਿਰਜ਼ਾ—'ਜੋ ਹੁਕਮ ਹਜ਼ੂਰ ਦਾ।' ਇਤਨਾ ਕਹਿ ਕੇ, ਉੱਠਣ ਹੀ ਲੱਗਾ ਸੀ ਜੁ ਸਾਹਮਣਿਓਂ ਦਰਵਾਜ਼ਾ ਖੁਲ੍ਹ ਗਿਆ ਤੇ ਇਕ ਅੱਖ ਦੇ ਪਲਕਾਰੇ ਵਿਚ ਇਕ ਜਵਾਨ ਬਲੀ ਸਿੰਘ ਨੇ ਵਧ ਕੇ ਕਿਹਾ, "ਖਬਰਦਾਰ!" ਚਾਰੇ ਪਾਸੇ ਰੌਲਾ ਮਚ ਗਿਆ, "ਬਾਗੀ ਸਿੱਖ ਆ ਪਏ।" ਇਕ ਖਿਨ ਵਿਚ ਸਿੰਘਾਂ ਦੀਆਂ ਤਲਵਾਰਾਂ ਬਿਜਲੀ ਵਾਂਗ ਚਮਕੀਆਂ। ਸਲੇਮ ਮਿਰਜ਼ਾ ਤੇ ਉਨ੍ਹਾਂ ਦੇ ਸਾਥੀਆਂ ਦੇ ਸਿਰ ਵੱਲ ਤੋਂ ਟੁਟੇ ਹੋਏ ਕੱਦੂਆਂ ਵਾਂਗ ਵੇਹੜੇ ਵਿਚ ਰਿੜ੍ਹ ਰਹੇ ਸਨ, ਖ਼ੂਨ ਦੀਆਂ ਧਾਰਾਂ ਵਗ ਰਹੀਆਂ ਸਨ। ਲੋਕ ਜੀ-ਭਿਆਣੇ ਜਿਧਰ ਮੂੰਹ ਆਇਆ, ਉਠ ਭਜੇ। ਕੁਛ ਮਿੰਟਾਂ ਦੇ ਮਗਰੋਂ ਹੀ ਜਥੇਦਾਰ ਨੇ ਅਵਾਜ਼ ਦਿਤੀ, "ਹਰਨ।"

ਸਿੰਘਾਂ ਦਾ ਜਥਾ ਇਕ-ਦਮ ਬਾਹਰ ਨਿਕਲ ਆਇਆ। ਪਾਰਬਤੀ, ਉਸ ਦੀ ਮਾਤਾ ਕੁਸ਼ੱਲਿਆ ਤੇ ਦੀਵਾਨ ਵੀ ਉਨ੍ਹਾਂ ਦੇ ਨਾਲ ਹੀ ਸਨ, ਜਿਨ੍ਹਾਂ ਨੂੰ ਤਿੰਨਾਂ ਘੋੜ-ਸਵਾਰਾਂ ਨੇ ਆਪਣੇ ਪਿਛੇ ਦੁਪੱਟਿਆਂ ਨਾਲ ਬੰਨ੍ਹ ਕੇ ਬਹਾ ਲਿਆ ਤੇ ਇਕ-ਦਮ ਘੋੜੇ ਭਜਾ ਗਏ। ਸ਼ਹਿਰ ਵਿਚ ਕਾਵਾਂ-ਰੌਲੀ ਮੱਚ ਰਹੀ ਸੀ। ਲਸ਼ਕਰਾਂ ਤੱਕ ਤਾਂ ਖ਼ਬਰ ਪਹੁੰਚਦੀ ਹੀ ਪਹੁੰਚਣੀ ਸੀ, ਸਿੰਘ-ਸਵਾਰ ਪੌਣ ਦੇ ਵੇਗ ਵਾਂਗ ਘੋੜੇ ਭਜਾਈ ਜਾ ਰਹੇ ਸਨ। ਪਰ ਉਨ੍ਹਾਂ ਨੇ ਦਿੱਲੀ ਦਰਵਾਜ਼ਿਓਂ ਨਿਕਲ ਕੇ ਚੌਕ ਵਿਚ ਇਕ ਮਿੰਟ ਲਈ ਘੋੜੇ ਰੋਕੇ ਤੇ ਬੁਢੇ ਜਥੇਦਾਰ ਨੇ ਘੋੜੇ ਤੇ ਸਵਾਰ ਹੀ ਛੋਟੀ ਜਿਹੀ ਅਰਦਾਸ ਕੀਤੀ ਤੇ ਅਗਾਂਹ ਚਾਲੇ ਪਾਏ।

ਕਾਹਨੂੰਆਣ ਦੇ ਛੰਭ ਦੇ ਕਿਨਾਰੇ ਸੰਘਣੇ ਜੰਗਲ ਵਿਚ ਸਿੰਘਾਂ ਦਾ ਇਕ ਜੱਥਾ ਦੀਵਾਨ, ਕੁਸ਼ੱਲਿਆ ਤੇ ਪਾਰਬਤੀ ਨੂੰ ਨਾਲ ਲੈ ਕੇ ਜਾ ਉਤਰਿਆ। ਅਗਲੇ ਭਲਕ ਦੀਵਾਨ ਲਗਾ ਤਾਂ ਇਹ ਤਿੰਨੇ ਪੇਸ਼ ਕੀਤੇ ਗਏ। ਜਥੇਦਾਰ ਨੇ ਪੁੱਛਿਆ, "ਇਹ ਕਾਕੀ ਕਿੱਥੇ ਮੰਗੀ ਹੋਈ ਹੈ ? ਦੀਵਾਨ ਜੀ ਦੱਸੋ ਤਾਕਿ ਉਸ ਲੜਕੇ ਦੇ ਮੰਗਾਉਣ ਦਾ ਪ੍ਰਬੰਧ ਕੀਤਾ ਜਾਵੇ।" ਦੀਵਾਨ ਇਹ ਦੇਖ ਕੇ ਬੜਾ ਹੈਰਾਨ ਹੋਇਆ ਜੁ ਜਥੇਦਾਰ ਉਹੀ ਬਿਰਧ ਸਿੰਘ ਸੀ ਜੋ ਉਸਨੂੰ ਰਾਵੀ ਦੇ ਕਿਨਾਰੇ ਤੇ ਦੁਨੀਆ ਵਲੋਂ ਮਾਯੂਸ ਹੋ ਕੇ ਰੋਂਦੇ ਨੂੰ ਮਿਲਿਆ ਸੀ। ਦੀਵਾਨ ਘਿਘਿਆ ਕੇ ਜਥੇਦਾਰ ਦੇ ਚਰਨਾਂ ਤੇ ਜਾ ਪਿਆ ਤੇ ਉਨ੍ਹਾਂ ਨੇ ਬੜੇ ਪਿਆਰ ਤੇ ਸਤਿਕਾਰ ਨਾਲ ਉਠਾ ਕੇ ਕਿਹਾ—

"ਦੀਵਾਨ ਜੀ, ਮੈਂ ਪੰਥ ਦਾ ਇਕ ਨਿਮਾਣਾ ਸੇਵਕ ਹਾਂ, ਜੇ ਚਰਨੀ ਪੈਣਾ ਹੈ ਤਾਂ ਸਤਿਗੁਰਾਂ ਦੀ ਪਓ। ਉਨ੍ਹਾਂ ਦੇ ਪੈਰ ਪਕੜਿਆਂ ਕਿਸੇ ਨੂੰ ਅੱਖ ਹੇਠਾਂ ਨਹੀਂ ਲਿਆਈਦਾ।"

ਦੀਵਾਨ—ਮਹਾਤਮਾ ਜੀ, ਮੈਨੂੰ ਉਸ ਦਿਨ ਵੀ ਤੁਸਾਂ ਕਈ ਗਿਆਨ ਦੀਆਂ ਗੱਲਾਂ ਸਮਝਾਈਆਂ ਸਨ, ਪਰ ਮੈਨੂੰ ਕੋਈ ਥਹੁ ਨਹੀਂ ਲਗਦਾ।

ਜਥੇਦਾਰ—ਸਤਿਗੁਰ ਮੇਹਰ ਕਰਨਗੇ। ਗੁਰ-ਸਿੱਖਾਂ ਦੀ ਸੰਗਤ ਬਖਸ਼ਣਗੇ ਤਾਂ ਆਪ ਨੂੰ ਸਹਿਜੇ ਸਹਿਜੇ ਸਭ ਸੋਝੀ ਪੈ ਜਾਵੇਗੀ।

ਦੀਵਾਨ—ਪਰ ਅੱਜ ਤਾਂ ਕਿਰਪਾ ਕਰ ਕੇ ਦਸੋ ਤੁਹਾਡਾ ਸ਼ੁਭ ਨਾਮ ਕੀ ਹੈ ?

ਜਥੇਦਾਰ—ਮੇਰਾ ਨਾਮ ਦਲੇਰ ਸਿੰਘ ਹੈ। ਮੈਂ ਗੁਰੂ ਪੰਥ ਦਾ ਇਕ ਨਾਚੀਜ਼ ਦਾਸ ਹਾਂ।



www.AKJ.Org

ਦੀਵਾਨ–ਹੈਂ ! ਕੀ ਤੁਸੀਂ ਬਲਵੰਤ ਸਿੰਘ ਦੇ ਪਿਤਾ ਹੋ ?

ਦਲੇਰ ਸਿੰਘ–ਹਾਂ, ਬਲਵੰਤ ਸਿੰਘ ਮੇਰਾ ਹੀ ਲੜਕਾ ਸੀ, ਜਿਸ ਨੂੰ ਸੱਚੇ ਪਾਤਸ਼ਾਹ ਨੇ ਆਪਣੇ ਦਰ ਤੇ ਕਬੂਲਿਆ ਹੈ ।

ਦੀਵਾਨ ਢਾਹੀਂ ਮਾਰ ਕੇ ਰੋਣ ਲਗ ਪਿਆ ।

ਜਥੇਦਾਰ–ਦੀਵਾਨ ਜੀ ਸ਼ਹੀਦ ਦੀ ਮੌਤ ਤੇ ਰੋਈਦਾ ਨਹੀਂ । ਰੋਈਦਾ ਉਨ੍ਹਾਂ ਤੇ ਹੈ ਜੋ ਪਸ਼ੂਆਂ ਦੀ ਮੌਤ ਮਰਦੇ ਹਨ । ਤੁਸੀਂ ਮੈਨੂੰ ਵਧਾਈ ਦਿਓ ਜਿਸਦਾ ਪੁੱਤਰ ਪ੍ਰਵਾਨ ਹੋਇਆ ਹੈ। ਮੇਰੀ ਸਿੰਘਣੀ ਦੀ ਕੁੱਖ ਅਤੇ ਮੇਰਾ ਸਰੀਰ ਸਫਲ ਹੋਇਆ ਹੈ । ਜੋ ਆਇਆ ਹੈ ਉਸਨੇ ਜਾਣਾ ਹੈ, ਜੋ ਜੰਮਿਆ ਹੈ ਮਰੇਗਾ । ਭਲਾ ਹੋਇਆ, ਬਲਵੰਤ ਸਿੰਘ ਦੀ ਦੇਹ ਸਫਲ ਹੋਈ ਤੇ ਉਸ ਸ਼ਹੀਦੀ ਪਾਈ ।

ਦੀਵਾਨ–ਤਾਂ ਕੀ ਸਿੰਘ ਜੀ, ਤੁਸੀਂ ਆਪਣੇ ਬੱਚਿਆਂ ਦੇ ਮਰਨ ਤੇ ਰੋਂਦੇ ਨਹੀਂ ?

ਜਥੇਦਾਰ–ਨਹੀਂ, ਕੜਾਹ ਕਰਨੇ ਹਾਂ, ਤੇ ਸ਼ਬਦ ਪੜ੍ਹਦੇ ਹਾਂ । ਸਤਿਗੁਰਾਂ ਦੀ ਆਗਿਆ ਐਸੀ ਹੀ ਹੈ ।

ਦੀਵਾਨ–ਤਾਂ ਸਤਿਗੁਰਾਂ ਇਹ ਆਗਿਆ ਬੜੀ ਕਰੜੀ ਕੀਤੀ ਹੈ ।

ਜਥੇਦਾਰ–ਨਹੀਂ, ਤੁਹਾਡੀ ਸਮਝ ਵਿਚ ਫ਼ਰਕ ਹੈ । ਪਿਤਾ ਪੁੱਤਰਾਂ ਲਈ ਕਰੜਾਈਆਂ ਕਦੀ ਨਹੀਂ ਕਰਦਾ । ਭਲਿਆਂ ਦੀ ਔਲਾਦ ਹਮੇਸ਼ਾਂ ਕਰਜ਼ਾ ਲਾਹ ਕੇ ਖੁਸ਼ ਹੁੰਦੀ ਹੈ ਤੇ ਅਮਾਨਤਾਂ ਨੂੰ ਦੇ ਕੇ ਹੁਲਸਦੀ ਹੈ । ਪੁਤਰ ਧੀਆ ਰੱਬ ਦੀ ਅਮਾਨਤ ਹਨ । ਜਦੋਂ ਉਹ ਆਪਣੇ ਲੇਖੇ ਲਾ ਲੈਂਦੇ ਹਨ ਅਸੀਂ ਕੜਾਹ ਕਰਦੇ ਹਾਂ, ਜੁ ਅਮਾਨਤ ਮਾਲਕ ਦੇ ਘਰ ਮੁੜ ਗਈ ਤੇ ਅਸੀਂ ਨਚਿੰਤ ਹੋਏ ।

ਦੀਵਾਨ ਨੇ ਕੁਸ਼ੱਲਿਆ ਵੱਲ ਵੇਖਿਆ ਤੇ ਅਖਾਂ ਵਿਚ ਹੰਝੂ ਭਰ ਕੇ ਕਿਹਾ, "ਇਹ ਪਾਰਬਤੀ ਦੀ ਪਤ ਬਚਾਉਣ ਵਾਲੇ ਤੇ ਸਾਨੂੰ ਮੌਤ ਦੇ ਮੂੰਹ ਚੋਂ ਕੱਢ ਲਿਆਉਣ ਵਾਲੇ ਬਲਵੰਤ ਸਿੰਘ ਦੇ ਪਿਤਾ ਹਨ ।" ਕੁਸ਼ੱਲਿਆ ਇਸ਼ਾਰੇ ਨੂੰ ਸਮਝ ਗਈ ਸੀ । ਉਹ ਭੀ ਘਬਰਾ ਕੇ ਇਧਰ ਉਧਰ ਵੇਖ ਰਹੀ ਸੀ, ਪਰ ਸੁਘੜ ਕੁੜੀ ਨੇ ਮੌਕਾ ਪਛਾਣਿਆ, ਗਲ ਵਿਚ ਪੱਲਾ ਪਾ ਕੇ ਉੱਠ ਖੜੋਤੀ ਤੇ ਜਥੇਦਾਰ ਵਲ ਤੱਕ ਕੇ ਕਹਿਣ ਲਗੀ–

"ਹੇ ਮੇਰੀ ਨਿਮਾਣੀ ਦੀ ਪਤ ਰੱਖਣ ਵਾਲੇ ਭਗਵਾਨ ਸਰੂਪ ਰਿਸ਼ੀ ਜੀ, ਜਿੱਥੇ ਤੁਸਾਂ ਮੇਰੇ ਤੇ ਏਨੀ ਕਿਰਪਾ ਕੀਤੀ ਹੈ, ਮੈਂ ਆਪ ਥੋਂ ਇਕ ਹੋਰ ਮੰਗ ਮੰਗਦੀ ਹਾਂ ।"

ਜਥੇਦਾਰ–ਬੀਬੀ, ਭਗਵਾਨ ਤਾਂ ਆਪ ਸ੍ਰੀ ਵਾਹਿਗੁਰੂ ਹਨ । ਅਸੀਂ ਸਾਰੇ ਉਸਦੇ ਬੰਦੇ ਹਾਂ । ਪਰ ਹਾਂ, ਜੋ ਤੇਰੇ ਦਿਲ ਵਿਚ ਆਈ ਹੈ ਦੱਸ, ਜੇ ਮੇਰੇ ਕੋਲੋਂ ਹੋ ਸਕਿਆ, ਤੇਰੀ ਮਰਜ਼ੀ ਪੂਰੀ ਕਰਨ ਦਾ ਯਤਨ ਕਰਾਂਗਾ ।

ਪਾਰਬਤੀ ਨੇ ਰੋ ਕੇ ਕਿਹਾ, "ਮਹਾਰਾਜ, ਮੇਰੇ ਪਿਤਾ ਹੀ ਬਲਵੰਤ ਸਿੰਘ ਦੇ ਕਤਲ ਦਾ ਕਾਰਨ ਹਨ । ਇਨ੍ਹਾਂ ਨੇ ਹੀ ਜ਼ੋਰ ਦੇ ਕੇ ਉਸ ਨੂੰ ਸੂਲੀ ਟੰਗਾਇਆ ਸੀ । ਸੋ ਤੁਸੀਂ ਹੁਣ ਕਿਰਪਾ ਕਰਕੇ ਤੇ ਮੇਰੇ ਪਿਤਾ ਦਾ ਉੱਘਾ ਪਾਪ ਮਾਫ਼ ਕਰ ਦਿਓ ।" ਕੁਸ਼ੱਲਿਆ ਭੀ ਰੋ ਕੇ ਬੋਲੀ, "ਮਹਾਤਮਾ ਜੀ, ਖਿਮਾ ਕਰੋ ।" ਦੀਵਾਨ ਥਰ ਥਰ ਕੰਬ ਰਿਹਾ ਸੀ ਤੇ ਉਹਦੀਆਂ ਅੱਖਾਂ ਚੋਂ ਫਰਨ ਫਰਨ ਪਾਣੀ ਜਾ ਰਿਹਾ ਸੀ । ਜਥੇਦਾਰ ਨੇ ਕਿਹਾ, "ਬੱਚਿਓ ! ਰੋਓ ਨਾ, ਧੀਰਜ ਕਰੋ । ਇਹ ਤੁਸਾਂ ਮੈਨੂੰ ਕੋਈ ਨਵੀਂ ਗੱਲ ਨਹੀਂ ਦੱਸੀ । ਸਾਨੂੰ ਕਦੋ ਦਾ ਪਤਾ ਸੀ ਜੁ ਦੀਵਾਨ ਗ਼ਰੀਬ ਸਿੱਖਾਂ ਨੂੰ ਕਤਲ ਕਰਾ ਰਿਹਾ ਹੈ, ਅਰ ਜਿਸ ਦਿਨ ਬਲਵੰਤ ਸਿੰਘ ਦੀ ਸ਼ਹੀਦੀ ਦੀ ਖਬਰ ਆਈ, ਮੈਂ ਉਸੇ ਦਿਨ ਅਰਦਾਸਾ ਕੀਤਾ ਸੀ ਜੁ ਹੇ ਪਿਤਾ, ਮੈਨੂੰ ਐਸਾ ਬਲ ਦੇਹ ਕਿ ਮੈਂ ਦੀਵਾਨ ਦੀ ਇਸ ਨੇਕੀ ਦਾ ਬਦਲਾ ਮੁਕਾ ਸਕਾਂ ।"

ਪਾਰਬਤੀ–ਜੀ ਨੇਕੀ ? ਰਿਸ਼ੀ-ਪੁੱਤਰਾਂ ਦੇ ਖੂਨ ਕਰਾਣੇ ਤੇ ਨੇਕੀ ! ਧਰਮ ਬੀਰਾਂ ਦੇ ਪੁੱਤਰਾਂ ਨੂੰ ਸੂਲੀ ਟੰਗਵਾਣਾ, ਇਹ ਘੋਰ ਪਾਪ ਹੈ ।

ਜਥੇਦਾਰ–ਜੇ ਇਸ ਨੇ ਕਤਲ ਕਰਾਇਆ ਹੈ, ਕਿਸੇ ਬੇਗੁਨਾਹ ਨੂੰ ਸੂਲੀ ਚੜ੍ਹਾਇਆ ਸੂ ਤਾਂ ਉਸ ਦਾ ਬਦਲਾ ਦਰਗਾਹੋਂ ਲਏਗਾ । ਮੇਰੇ ਨਾਲ ਨੇਕੀ ਕਮਾਈ ਸੂ । ਮੇਰੇ ਬਚੜੇ ਨੂੰ ਸ਼ਹੀਦ ਕਰਾ ਕੇ ਮੈਨੂੰ ਸ਼ਹੀਦ ਦਾ ਪਿਤਾ ਅਖਵਾਣ ਦਾ ਮਾਣ ਦਿਤਾ ਸੂ । ਮੈਂ ਅੱਜ ਪ੍ਰਸੰਨ ਹੋਇਆ ਹਾਂ, ਜਦ ਮੈਂ ਉਸ ਮਨੁੱਖ ਦੀ ਲੜਕੀ ਨੂੰ ਸਤਿ



www.AKJ.Org

ਤੇ ਪਤਿਬ੍ਰਤ ਧਰਮ ਦੀ ਦਾਤ ਝੋਲੀ ਵਿੱਚ ਪਾਣ ਲੱਗਾ ਹਾਂ ਜਿਸਨੇ ਮੇਰੇ ਪੁੱਤਰ ਨੂੰ ਸ਼ਹੀਦੀ ਜਿਹੀ ਉਚੀ ਸ਼ੈ ਲੈ ਦਿਵਾਈ ਸੀ।

ਦੀਵਾਨ (ਰੋ ਕੇ)-ਸੰਤੋ, ਤੁਹਾਡੀਆਂ ਗੱਲਾਂ ਸਾਡੀ ਸਮਝ ਵਿਚ ਨਹੀਂ ਆਉਂਦੀਆਂ। ਤੁਸੀਂ ਲੱਖ ਆਖੋ, ਮੈਂ ਨੇਕੀ ਕੀਤੀ ਹੈ, ਪਰ ਮੇਰੇ ਸਾਹਮਣੇ ਤਾਂ ਨਰਕਾਂ ਦੇ ਭਾਂਬੜ ਮਚ ਰਹੇ ਨੇ। ਮੈਨੂੰ ਤਾਂ ਜਮ ਉਧਰ ਲੈ ਜਾਣ ਲਈ ਸਿਰ ਤੇ ਖੜੋਤੇ ਨਜ਼ਰ ਆ ਰਹੇ ਹਨ। ਦੁਹਾਈ ਜੇ ਆਪਣੇ ਗੁਰੂ ਦੇ ਨਾਮ ਦੀ! ਜੇ ਤੁਠੇ ਹੋ ਤਾਂ ਮੈਨੂੰ ਇਨ੍ਹਾਂ ਦੂਤਾਂ ਤੋਂ ਛੁਡਾਓ।

ਦੀਵਾਨ ਆਪਣੇ ਪਾਪਾਂ ਦੀ ਯਾਦ ਨਾਲ ਪਾਗਲ ਹੋ ਰਿਹਾ ਸੀ। ਉਹਦੀਆਂ ਅੱਖਾਂ ਵਿੱਚੋਂ ਵਹਿਸ਼ਤ ਬਰਸ ਰਹੀ ਸੀ, ਉਹ ਜਨੂੰਨੀ ਹੋ ਰਿਹਾ ਜਾਪਦਾ ਸੀ। ਜਥੇਦਾਰ ਨੇ ਬੜੇ ਪਿਆਰ ਨਾਲ ਕਿਹਾ, 'ਮਿੱਤਰਾ! ਇਹ ਅਗਨ ਸਾਗਰ ਪਾਪਾਂ ਦਾ ਹੈ। ਸੰਸਾਰ ਇਸ ਵਿਚ ਸੜ ਰਿਹਾ ਹੈ। ਬਚਣਗੇ ਉਹ ਜੋ ਗੁਰੂ ਦੇ ਦਰ ਢਹਿ ਪੈਣਗੇ, ਜਿਨ੍ਹਾਂ ਨੂੰ ਉਹ ਅੰਗੀਕਾਰ ਕਰ ਲਵੇਗਾ, ਜਿਨ੍ਹਾਂ ਦੀ ਬਾਂਹ ਫੜ ਕੇ ਉਹ ਉਤਾਂਹ ਖਿੱਚ ਲਏਗਾ। ਇਹੀ ਉਸ ਦਾ ਬਿਰਧ ਹੈ। "ਬਾਹ ਪਕਰਿ ਕਢਿ ਲੀਨੇ ਅਪੁਨੇ ਗ੍ਰਿਹ ਅੰਧ ਕੂਪ ਤੇ ਮਾਇਆ।"

ਜਿੱਥੋਂ ਤਕ ਮੇਰਾ ਤਅੱਲਕ ਸੀ, ਮੈਂ ਤਾਂ ਆਪਣਾ ਦਿਲ ਤੇਰੇ ਅੱਗੇ ਖੋਲ੍ਹ ਕੇ ਰੱਖ ਦਿਤਾ ਹੈ। ਕਰਮਾਂ ਦਾ ਫਲ ਭੋਗਣ ਤੋਂ ਜੇ ਬਚਣਾ ਹੈ ਤਾਂ ਸਤਿਗੁਰੂ ਦਾ ਲੜ ਫੜ। ਸਿੰਘ ਸ਼ਰਨ ਗਿਆਂ ਨੂੰ ਗਿੱਦੜ ਨਹੀਂ ਡਰਾ ਸਕਦੇ।

ਪਾਰਬਤੀ-(ਕੁਸ਼ੱਲਿਆ ਵੱਲ ਤੱਕ ਕੇ)-ਮਾਤਾ, ਇਹ ਲੋਕ ਧੰਨ ਹਨ ਜੋ ਬਦਲੇ ਨਹੀਂ ਲੈਂਦੇ। ਕਿਤਨੇ ਉੱਚੇ ਹਨ?

ਜਥੇਦਾਰ-ਕਾਕੀ, ਉਚਿਆਈ ਦੀ ਗੱਲ ਨਹੀਂ, ਅਸੀਂ ਬਦਲਾ ਇਸ ਲਈ ਨਹੀਂ ਲੈਂਦੇ ਜੁ ਸਾਨੂੰ ਫਿਰ ਬਦਲੇ ਦੇਣੇ ਨਾ ਪੈਣ।

ਪਾਰਬਤੀ-ਬਾਬਾ ਜੀ, ਤੁਸੀਂ ਤਾਂ ਕਿਸੇ ਨਾਲ ਬੁਰਾਈ ਕਰਦੇ ਨਹੀਂ, ਤੁਸਾਂ ਕਿਹਾ ਬਦਲਾ ਦੇਣਾ ਹੋਇਆ?

ਜਥੇਦਾਰ-ਬੱਚਾ, ਅਸੀਂ ਮਨੁੱਖ ਹਾਂ। ਮਨੁੱਖ ਭੁੱਲਣਹਾਰ ਹੈ। ਸ੍ਰੀ ਅਕਾਲ ਪੁਰਖ ਦੀ ਦਾਤ ਦਿੱਤੀ ਹੋਈ ਰੋਜ਼ ਖਾਂਦੇ ਹਾਂ। ਪਰ ਦਾਤ ਦਾ ਸ਼ੁਕਰੀਆ ਦਮ-ਬਦਮ ਨਹੀਂ ਕਰਦੇ। ਜੋ ਸੁਆਸ ਗਫ਼ਲਤ ਵਿਚ ਜਾਂਦੇ ਹਨ ਉਹ ਬਦੀ ਹੈ। ਸ੍ਰੀ ਅਕਾਲ ਪੁਰਖ ਸਾਡੀਆਂ ਬਦੀਆਂ ਵਲ ਨਹੀਂ ਵੇਖਦੇ ਅਰ ਰੋਜ਼ ਰਿਜ਼ਕ ਦੇਂਦੇ ਹਨ। ਉਹ ਸਾਥੋਂ ਗ਼ਫ਼ਲਤ ਦਾ ਬਦਲਾ ਨਹੀਂ ਲੈਂਦੇ ਤੇ ਅਸੀਂ ਲੋਕਾਂ ਤੋਂ ਬਦਲੇ ਨਹੀਂ ਮੰਗਦੇ।

ਪਾਰਬਤੀ-ਜੀ ਇਹ ਆਦਰਸ਼ ਹੈ ਤਾਂ ਬਹੁਤ ਉੱਚਾ, ਪਰ ਮਨ ਵਿਚ ਟਿਕੇ ਕਿਸ ਤਰ੍ਹਾਂ?

ਜਥੇਦਾਰ-ਸਤਿਗੁਰਾਂ ਦੀ ਮਿਹਰ ਨਾਲ, ਸ਼ਬਦ ਦੇ ਆਸਰੇ ਤੇ ਬਾਣੀ ਦੇ ਅਭਿਆਸ ਨਾਲ। ਸਤਿਗੁਰਾਂ ਦੇ ਦਰ ਢਹਿ ਪਈਏ ਤਾਂ ਓਹ ਆਪ ਹੀ ਕਿਰਪਾ ਕਰਦੇ ਹਨ।

ਪਾਰਬਤੀ ਨੇ ਕਿਹਾ, "ਜਿੱਥੇ ਸਾਨੂੰ ਅੱਗੇ ਜੀਵਨ-ਦਾਨ ਦਿੱਤਾ ਜੇ, ਉਥੇ ਅਭਾਗੇ ਪਰਿਵਾਰ ਨੂੰ ਗੁਰ ਚਰਨੀਂ ਵੀ ਜੋੜੋ।" ਜਥੇਦਾਰ ਨੇ ਸੰਗਤ ਕੋਲ ਬੇਨਤੀ ਕੀਤੀ, ਬਿਨੇ ਪਰਵਾਨ ਹੋਈ। ਦੀਵਾਨ ਜੀ ਤੋਂ ਪਤਾ ਪੁੱਛ ਕੇ ਇਕ ਸਿੰਘ ਉਹਦੇ ਕੁੜਮਾਂ ਦੇ ਪਿੰਡ ਪੁੱਜਾ। ਦੇਵਨੇਤ ਨਾਲ ਉਹ ਘਰ ਅੱਗੇ ਹੀ ਸਹਿਜਧਾਰੀ ਸਿੱਖਾਂ ਦਾ ਸੀ, ਭਾਵੇਂ ਦੀਵਾਨ ਨੂੰ ਪਤਾ ਨਹੀਂ ਸੀ। ਪਾਰਬਤੀ ਦਾ ਮੰਗੇਤਰ ਉਸ ਸਿੰਘ ਦੇ ਨਾਲ ਆਇਆ ਤੇ ਸਾਰੇ ਪਰਿਵਾਰ ਨੇ ਮਿਲ ਕੇ ਅੰਮ੍ਰਿਤ ਛਕਿਆ ਤੇ ਪਾਰਬਤੀ ਦਾ ਆਨੰਦ, ਜਿਸਦਾ ਨਾਮ ਹੁਣ ਸਤਿਵੰਤ ਕੌਰ ਰਖਿਆ ਗਿਆ ਸੀ, ਗੁਰਦਿਆਲ ਸਿੰਘ ਦੇ ਨਾਲ ਕਰ ਦਿੱਤਾ ਗਿਆ।

ਦੀਵਾਨ ਚਰੰਜੀਵ ਸਿੰਘ ਤੇ ਉਨ੍ਹਾਂ ਦੀ ਧਰਮ ਪਤਨੀ ਕਿਸ਼ਨ ਕੌਰ ਤਾਂ ਗੁਰਧਾਮਾਂ ਦੇ ਦਰਸ਼ਨ ਦੀਦਾਰਾਂ ਨੂੰ ਤੁਰ ਗਏ, ਪਰ ਨਵਾਂ ਸਜਿਆ ਗੁਰਦਿਆਲ ਸਿੰਘ ਤੇ ਸਤਿਵੰਤ ਕੌਰ ਜਥੇ ਵਿਚ ਰਹਿ ਕੇ ਸੇਵਾ ਵਿਚ ਜੁਟ ਗਏ।



www.AKJ.Org

# ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਬਾਲਮ ਸਾਖੀਆਂ

[ਵਲੋਂ—ਭਾਈ ਸਾਹਿਬ ਡਾਕਟਰ ਵੀਰ ਸਿੰਘ ਜੀ]

## ੧੪. ਵੈਦ ਦੀ ਸਾਖੀ–

ਅੱਜ ਤੋਂ ਮਗਰੋਂ ਗੁਰੂ ਜੀ ਹੋਰ ਇਕੱਲੇ ਇਕੱਲੇ ਰਹਿਣ ਲਗ ਪਏ। ਮੂਲੋਂ ਕਿਸੇ ਕੋਲ ਨਾ ਬੈਠਣ। ਕਈ ਕਈ ਡੰਗ ਸਗੋਂ ਦੋ ਦੋ ਤ੍ਰੈ ਤ੍ਰੈ ਦਿਨ ਕੁਝ ਨਾ ਖਾਣ; ਪਰ ਚਿਹਰਾ ਆਪ ਦਾ ਭਖ ਭਖ ਕਰਦਾ ਚਮਕਦਾ ਰਹਿੰਦਾ ਸੀ, ਸਰੀਰ ਭਾਵੇਂ ਲਿੱਸਾ ਲਿੱਸਾ ਲਗਦਾ ਸੀ। ਲੰਮੇ ਪਏ ਤਾਂ ਪਏ ਹੀ ਰਹਿੰਦੇ। ਉਠ ਬੈਠਦੇ ਤਾਂ ਅੱਖਾਂ ਮੀਟ ਕੇ ਬੈਠੇ ਰਹਿੰਦੇ। ਉਮਰਾ ਹੁਣ ਕਿਸ਼ੋਰ ਪੂਰੀ ਹੋ ਗਈ ਸੀ। ਕਿਸ਼ੋਰ ਆਖਦੇ ਹਨ ਪੰਦਰ੍ਹਾਂ ਵਰ੍ਹੇ ਤਾਂਈਂ ਦੇ ਬਾਲ ਨੂੰ। ਗੁਰੂ ਜੀ ਹੁਣ ਪੰਦਰ੍ਹਾਂ ਵਰ੍ਹੇ ਤੋਂ ਉਪਰ ਹੋ ਗਏ ਸਨ। ਹੁਣ ਤਾਂ ਸਮਝੋ ਜੁਆਨ ਹੋ ਰਹੇ ਸਨ, ਪਰ ਸਰੀਰ ਲਿੱਸਾ ਪਤਲਾ ਸੀ। ਤ੍ਰੈ ਮਹੀਨੇ ਇਸ ਤਰ੍ਹਾਂ ਪਿਆਂ ਲੰਘ ਗਏ ਤਾਂ ਆਂਢੋਂ ਗੁਆਂਢੋਂ ਸਾਕਾਂ ਨੇ ਕਿਹਾ, ਮਹਿਤਾ ਜੀ, ਪੁਤ ਨੂੰ ਕੋਈ ਅਹੁਰ ਹੈ, ਕੋਈ ਅੰਦਰ ਰੋਗ ਹੈ, ਵੈਦ ਨੂੰ ਦਿਖਾਓ।

ਜਿਵੇਂ ਅੱਜ ਕਲ ਡਾਕਟਰ ਹੁੰਦੇ ਹਨ ਉਸ ਤਰ੍ਹਾਂ ਤਦੋਂ ਵੈਦ ਹੁੰਦੇ ਸਨ। ਜੇ ਕਿਸੇ ਨੂੰ ਕੋਈ ਰੋਗ ਹੋਵੇ ਤਾਂ ਦਵਾ ਦਾਰੂ ਕਰਦੇ ਸਨ। ਵੈਦ ਹੁਣ ਵੀ ਹੈਨ ਪਰ ਤਦੋਂ ਨਿਰੇ ਵੈਦ ਹੀ ਹੁੰਦੇ ਸਨ, ਜਾਂ ਕੋਈ ਹਕੀਮ ਹੁੰਦਾ ਸੀ। ਵੈਦ ਆਪਣੀ ਵਿਦਿਆ ਸੰਸਕ੍ਰਿਤ ਬੋਲੀ ਦੀਆਂ ਪੋਥੀਆਂ ਤੋਂ ਪੜ੍ਹਦੇ ਸਨ ਤੇ ਹਕੀਮ ਫ਼ਾਰਸੀ ਅਰਬੀ ਤੋਂ ਵਿਦਿਆ ਪੜ੍ਹਦੇ ਸਨ।

ਪੁਤ ਦਾ ਹਾਲ ਵੇਖ ਵੇਖ ਕੇ ਅਤੇ ਲੋਕਾਂ ਤੋਂ ਤੇ ਆਪਣੇ ਵੇਦੀ ਸਾਕਾਂ ਤੋਂ ਸੁਣ ਸੁਣ ਕੇ, ਜੁ ਕਾਲੂ ਦਾ ਪੁਤ ਰਾਜ਼ੀ ਨਹੀਂ, ਬੀਮਾਰ ਹੈ, ਜਾਂ ਐਉਂ ਆਖੋ ਕੋਈ ਰੋਗ ਗੁੱਝਾ ਲੱਗਾ ਹੋਇਆ ਹੈ, ਬਾਬਾ ਕਾਲੂ ਇਕ ਦਿਨ ਇਕ ਵੈਦ ਨੂੰ ਘਰ ਲੈ ਆਇਆ। ਜਿਸ ਦਲਾਨ ਵਿਚ ਗੁਰੂ ਜੀ ਚੁਪ ਚਾਪ ਅਰਾਮ ਢਾਲ ਲੇਟੇ ਹੋਏ ਸਨ, ਵੈਦ ਨੂੰ ਨਾਲ ਲੈ ਕੇ ਬਾਬਾ ਕਾਲੂ ਅੰਦਰ ਗਿਆ। ਇਸ ਵੈਦ ਦਾ ਨਾਉਂ ਹਰੀਦਾਸ ਲਿਖਿਆ ਹੈ। ਹਰੀਦਾਸ ਗੁਰੂ ਜੀ ਦੇ ਕੋਲ ਮੰਜੀ ਤੇ ਜਾ ਬੈਠਾ। ਮਹਿਤੇ ਨੇ ਦੱਸਿਆ, ਦੇਖ ਵੈਦ! ਕਾਕਾ ਖਾਂਦਾ ਪੀਂਦਾ ਨਹੀਂ, ਲਿੱਸਾ ਹੋ ਗਿਆ ਏ, ਇਵੇਂ ਪਿਆ ਰਹਿੰਦਾ ਏ। ਚੰਗੀ ਤਰ੍ਹਾਂ ਨਾਲ ਵੇਖ ਜੁ ਕੀ ਰੋਗ ਏ! ਵੈਦ ਨੇ ਚਿਹਰਾ ਵੇਖਿਆ, ਫੇਰ ਪੈਰਾਂ ਵਲ ਤੱਕਿਆ, ਫੇਰ ਗੁਰੂ ਜੀ ਦੀ ਸੱਜੀ ਬਾਂਹ ਮਲਕੜੇ ਫੜ ਕੇ ਨਾੜ ਉਤੇ ਹੱਥ ਧਰ ਕੇ ਲੱਗਾ ਵੇਖਣ ਤਾਂ ਗੁਰੂ ਜੀ ਨੇ ਬਾਹ ਖਿੱਚ ਲਈ ਤੇ ਉਠ ਬੈਠੇ। ਪੁੱਛਣ ਲਗੇ : ਹੇ ਵੈਦ! ਤੂੰ ਕੀ ਕਰਨ ਲਗਾ ਏਂ? ਤਾਂ ਵੈਦ ਬੋਲਿਆ : ਕਾਕਾ ਜੀਓ ਤੁਸਾਂ ਦੀ ਨਾੜ ਵੇਖਦਾ ਹਾਂ ਜੁ ਪਤਾ ਲੱਗੇ ਕਿ ਤੁਸਾਂ ਅੰਦਰ ਕੀ ਦੁੱਖ ਏ? ਤਦ ਵੈਦ ਵਲ ਨਜ਼ਰ ਭਰ ਤੱਕਿਆ ਸੁਹਣੇ ਨੈਣਾਂ ਵਾਲੇ ਨੇ, ਫੇਰ ਸੁਹਣੇ ਚੁਸਤ ਬੈਠੇ ਤੱਕਦੇ ਬੋਲ ਪਏ :–

ਸੁਣ ਭਾਈ ਵੈਦਾ! ਤੈਨੂੰ ਸੱਦਿਆ ਏ ਵੈਦਗੀ ਕਰਨ ਲਈ,* ਮੇਰੀ ਵੈਦਗੀ! ਤੂੰ ਬਾਂਹ ਮੇਰੀ ਵਿਚ ਨਾੜ ਢੂੰਡਦਾ ਤੇ ਰੋਗ ਲੱਭਦਾ ਏਂ? ਮੇਰੀ ਬਾਂਹ ਵਿਚ ਰੋਗ ਕੋਈ ਨਹੀਂ, ਮੇਰੇ ਪਿੰਡੇ ਅੰਦਰ ਕੋਈ ਅਹੁਰ ਨਹੀਂ। ਵੈਦਾ, ਮੇਰੇ ਦਿਲ ਵਿਚ ਡੂੰਘੇ ਥਾਂ ਪੀੜ ਏ, ਪਿਆਰੇ ਬਾਬਲ ਦੇ ਪਿਆਰ ਦੀ, ਸੋ ਤੈਨੂੰ ਦਿੱਸ ਨਹੀਂ ਆਉਂਦਾ। ਤੂੰ ਭੋਲਿਆ, ਇਸ ਪੀੜ ਨੂੰ ਨਹੀਂ ਲੱਭ ਸਕਦਾ।

ਫੇਰ ਇਕ ਲੰਮਾ ਸਾਹ ਲੈ ਕੇ ਸੁਹਣੇ ਸੁਹਣੇ ਕਿਸ਼ੋਰ ਨਾਨਕ ਜੀ ਉਪਰ ਨੂੰ ਤੱਕੇ, ਬੋਲੇ : ਵੈਦਾ! ਤਦੋਂ ਤੈਨੂੰ ਜਾਣੀਏਂ ਤੂੰ ਠੀਕ ਵੈਦ ਹੈਂ ਜੇ ਤੂੰ ਪਹਿਲਾਂ ਆਪਣਾ ਰੋਗ ਪਛਾਣੇਂ ਤਾਂ। ਫੇਰ ਤੂੰ ਕੋਈ ਦਾਰੂ ਲੱਭ ਲਵੇਂ ਜਿਸ ਨਾਲ ਸਾਰੇ ਰੋਗ ਦੂਰ ਹੋ ਜਾਣ, ਤੂੰ ਰਾਜ਼ੀ ਥੀ ਵੰਞੇਂ, ਅਤੇ ਤਨ ਵਿਚ ਸੁਖ ਹੀ ਸੁਖ ਆ ਵਸੇ। ਹੇ ਵੈਦ, ਜੇ ਤੂੰ ਆਪਣਾ ਰੋਗ ਪਹਿਲੇ ਦੂਰ ਕਰ ਲਵੇਂ ਤਾਂ ਤੂੰ ਵੈਦ ਹੈਂ, ਤਾਂ ਆਪ ਨੂੰ ਵੈਦ ਸਦਵਾ ਤੇ ਤਾਂ ਤੂੰ ਨਾਨਕ ਦਾ ਵੈਦ ਬਣ।

ਵੈਦ ਹੈਰਾਨ ਹੋ ਗਿਆ, ਹੱਥ ਪਰੇ ਕਰ ਲਿਓਸੁ ਤੇ ਆਖਣ ਲੱਗਾ : ਕਾਕਾ ਜੀਓ! ਤੁਸੀਂ ਸਮਝਦੇ

---

*ਵੈਦ ਬੁਲਾਇਆ ਵੈਦਗੀ [ਵਾਰ ਮਲਾਰ, ਸਲੋਕ ਮ: ੧, ਪੰਨਾ ੧੨੭੯



www.AKJ.Org

ਹੋ ਮੈਂ ਰੋਗੀ ਹਾਂ ? ਤਾਂ ਆਪ ਜੀ ਬੋਲੇ, ਹਾਂ ਵੈਦ ! ਤੁਧੇ ਨੂੰ ਹਉਮੈਂ ਦਾ ਰੋਗ ਲੱਗਾ ਹੋਇਆ ਹੈ, ਇਹ ਰੋਗ ਹੈ, ਸਭ ਨੂੰ ਲੱਗਾ ਹੈ. ਪਰ ਲੋਕੀਂ ਸਮਝਦੇ ਨਹੀਂ ।

ਵੈਦ—ਏਸ ਰੋਗ ਨੇ ਸਾਨੂੰ ਕੀਹ ਦੁਖ ਦਿੱਤਾ ਹੈ ?

ਆਪ ਜੀ ਫਿਰ ਤੱਕੇ, ਦਿਆਲੂ ਹੋ ਕੇ ਬੋਲੇ : ਇਸ ਨੇ ਸਾਨੂੰ ਸਾਡੇ ਬਾਬਲ ਜੀ, ਪਰਮੇਸ਼ਰ ਜੀ, ਤੋਂ ਵਿਛੋੜ ਛੋੜਿਆ ਏ, ਇਸ ਨੇ ਸਾਨੂੰ ਦੂਜੇ ਲੋਕਾਂ ਤੋਂ ਓਪਰਾ ਕਰ ਛੋੜਿਆ ਏ ।

ਵੈਦ—ਸਾਨੂੰ ਤਾਂ ਪਤਾ ਨਹੀਂ ਪੈਂਦਾ ਕੋਈ, ਦੱਸ ਕਿਵੇਂ ਪਛਾਣੀਏ ਇਹ ਰੋਗ ? ਰੋਗ ਹੋਵੇ ਤਾਂ ਕਿਤੇ ਪੀੜ ਹੁੰਦੀ ਏ, ਕੋਈ ਥਾਂ ਦੁਖਦਾ ਏ, ਦਿਲ ਨੂੰ ਦੁੱਖ ਭਾਸਦਾ ਏ । ਇਸ ਰੋਗ ਦੀ ਪੀੜ ਕੋਈ ਨਹੀਂ ਹੁੰਦੀ ?

ਆਪ ਜੀ ਹੱਸੇ ਤੇ ਆਖਣ ਲੱਗੇ—ਭੋਲੇ ਵੈਦ ! ਵੇਖ, ਮੌਤ ਸਿਰ ਦੇ ਸਭ ਤੇ ਖਲੋਤੀ ਹੈ, ਉਸ ਦਾ ਡਰ ਸਭ ਨੂੰ ਖਾ ਰਿਹਾ ਹੈ । ਦੱਸ, ਡਰ ਦੁੱਖ ਹੁੰਦਾ ਹੈ ਕਿ ਨਹੀਂ* ? ਸਭ ਕੋਈ ਕੰਬਦਾ ਏ ਕਿ ਇਕ ਦਿਨ ਜਮ ਨੇ ਲੈ ਜਾਣਾ ਹੈ । ਫੇਰ ਵੇਖ ਵੈਦਾ ! ਰੋਜ਼ ਖਾਂਦੇ ਹੋ, ਰੋਜ਼ ਸੁਆਹ ਹੋ ਜਾਂਦਾ ਹੈ, ਫੇਰ ਰੋਜ਼ ਖਾਣਾ ਢੂੰਡਦੇ ਹੋ । ਇਹ ਭੁੱਖ ਰੋਜ਼ ਦਾ ਦੁੱਖ ਨਹੀਂ ਲੱਗਾ ਹੋਇਆ ? ਦੱਸ, ਜੇ ਭੁੱਖ ਵਲੇ ਨਾ ਖਾਈਏ ਤਾਂ ਰੋਗੀ ਹੋ ਜਾਈਦਾ ਏ ਕਿ ਨਾ ? ਫੇਰ ਕਿੰਨੇ ਰੋਗ ਹੈਨ, ਜੋ ਤੂੰ ਪੜ੍ਹਿਆ ਹੈਂ, ਉਨ੍ਹਾਂ ਦਾ ਡਰ ਖਾਂਦਾ ਏ । ਉਹ ਰੋਗ ਬਿਨਾਂ ਪੁੱਛੇ ਆ ਲਗਦੇ ਹਨ । ਇਹ ਤਨ, ਇਹ ਸਾਡਾ ਸਰੀਰ, ਜਾਂ ਪਿੰਡਾ ਕਿੰਨੇ ਰੋਗਾਂ ਨਾਲ ਅਚਾਨਕ ਰੋਗੀ ਹੋ ਜਾਂਦਾ ਏ । ਏਸ ਨੂੰ ਨਰੋਆ ਜਾਣ ਕੇ ਆਕੜ ਬਹੇਦਾ ਹੈ । ਮਾੜੇ ਕੰਮ ਬੀ ਕਰ ਲਈਦੇ ਹਨ , ਪਰ ਸਰੀਰ ਰੋਗਾਂ ਦਾ ਸ਼ਿਕਾਰ ਏ, ਜਦੋਂ ਚਾਹੇ ਫੜ ਲੈਣ । ਫੇਰ ਵੈਦਾ ! ਇਕ ਹੋਰ ਰੋਗ ਹੈ, ਉਹ ਹੈ ਵਿਛੋੜਾ, ਜਦੋਂ ਆਪਣੇ ਸਾਕ ਮਿਤ੍ਰ ਵਿਛੜਦੇ ਹਨ, ਦੁਇ ਦੁਖੀ ਹੋ ਹੋ ਰੋਂਦੇ ਹਨ । ਜਦੋਂ ਵਹੁਟੀ ਗੱਭਰੂ ਵਿਛੁੜਦੇ ਹਨ ਰੋਗੀ ਵਾਂਗੂ ਦੁਖਦੇ ਹਨ; ਮਿਤਰ ਮਿਤਰ ਵਿਛੁੜਦੇ ਹਨ ਤਾਂ ਉਹ ਰੋਂਦੇ ਹਨ, ਵੈਦਾ ! ਤੂੰ ਕਿਸ ਕਿਸ ਦਾ ਦਾਰੂ ਲਾ ਸਕਦਾ ਏਂ ? ਵੇਖ ਇਕ ਹੋਰ ਵਿਛੋੜਾ ਏ, ਉਹ ਏ ਸਾਡਾ ਸਾਰਿਆਂ ਦਾ ਆਪਣੇ ਬਾਬਲ ਰੱਬ ਜੀ ਤੋਂ ਵਿਛੋੜਾ । ਇਹ ਰੋਗ ਐਸਾ ਏ, ਜਿਸ ਨੂੰ ਲੋਕੀ ਰੋਗ ਪਛਾਣਦੇ ਹੀ ਨਹੀਂ । ਤੂੰ ਵੈਦ ਹੈਂ ਪਰ ਤੂੰ ਬੀ ਇਸ ਰੋਗ ਨੂੰ ਨਹੀਂ ਸਿਆਣਦਾ । ਤੂੰ ਦੱਸ, ਦਾਰੂ ਕੀ ਲਾਏਂਗਾ ਜਦ ਕਿ ਤੂੰ ਇਸ ਰੋਗ ਨੂੰ ਰੋਗ ਕਰ ਹੀ ਨਹੀਂ ਸਿਆਣਦਾ । ਮੈਂ ਇਸ ਰੋਗ ਨੂੰ ਸਿਆਣਿਆ ਹੈ, ਮੈਂ ਇਸ ਦੀ ਪੀੜ ਨੂੰ ਜਾਣਦਾ ਹਾਂ, ਮੈਂ ਇਸ ਦਾ ਦਾਰੂ ਪਿਆ ਕਰਦਾ ਹਾਂ, ਤੂੰ ਮੈਨੂੰ ਦਾਰੂ ਕਰਦੇ ਤੇ ਨਰੋਏ ਹੋਏ ਨੂੰ ਕੀ ਦਾਰੂ ਲਾਏਂਗਾ ? ਭੋਲੇ ਵੈਦ ! ਮੈਨੂੰ ਨਾ ਕੋਈ ਦਾਰੂ ਦੇ, ਆਪਣਾ ਕੋਈ ਦਾਰੂ ਕਰ ।

ਵੈਦ ਪਹਿਲੋਂ ਹਰਿਯਾਨ ਹੋਇਆ ਸੀ, ਹੁਣ ਉਸਨੂੰ ਕੁਛ ਸੁਖ ਸੁਖ ਲਗਦਾ ਸੀ ਕਿ ਬਾਲਕੇ ਵਲੋਂ ਆ ਰਿਹਾ ਹੈ, ਉਸ ਦੀ ਤੱਕਣੀ ਨਾਲ ਠੰਢ ਠੰਢ ਪੈਂਦੀ ਸਾਸੁ । ਆਖਣ ਲੱਗਾ :—ਕਾਕਾ ਜੀ ! ਤੁਸੀਂ ਗੱਲਾਂ ਕਰਦੇ ਹੋ ਅੰਦਰਲੇ ਦੀਆਂ, ਆਤਮਾ ਦੀਆਂ, ਤੁਹਾਡੀਆਂ ਗੱਲਾਂ ਡੂੰਘੀਆਂ ਹੈਨ, ਔਖੀਆਂ ਹੈਨ; ਅਸੀਂ ਕੀ ਜਾਣੀਏ । ਮੈਂ ਤਾਂ ਜੀਓ ਬਰਖ਼ੁਰਦਾਰ ਜੀ, ਸਰੀਰ ਦਾ ਵੈਦ ਹਾਂ, ਅੰਦਰਲੇ ਦੀ ਗੱਲ ਮੈਂ ਕੀ ਜਾਣਾਂ ?

ਗੁਰੂ ਜੀ—ਵੈਦ ਭਾਈ ! ਅੰਦਰਲੇ ਦੇ ਰੋਗ ਹਟਾਏ ਬਿਨਾਂ ਸਰੀਰ ਦਾ ਕੀ ਮੁੱਲ ? ਦੇਖ ਹਰ ਸ਼ੈ ਦਾ ਇਕ ਬੁੱਤ ਹੁੰਦਾ ਹੈ, ਜਿਵੇਂ ਸਾਡਾ ਪਿੰਡਾ ਹੈ, ਜਿਸ ਨੂੰ ਤੂੰ ਸਰੀਰ ਆਖੇਂਗਾ । ਤੇ ਇਕ ਵਿਚ ਹੁੰਦੀ ਏ ਜਿੰਦ, ਜਿੰਦ ਅੰਦਰ ਹੁੰਦੀ ਏ ਜਦੋਂ, ਤਦੋਂ ਸਾਹ ਆਉਂਦੇ ਜਾਂਦੇ ਹਨ । ਜਿੰਦ ਨਾ ਹੋਵੇ ਤਾਂ ਅੰਦਰ ਸਾਹ ਨਾ ਆਉਣ ਤਾਂ ਸਰੀਰ ਕਿਸ ਕੰਮ ਹੁੰਦਾ ਏ ? ਜਿਵੇਂ ਚੰਨਣ ਦੀ ਹੁੰਦੀ ਏ ਚਰਨਾਠੀ, ਛੋਟੀ ਲੱਕੜ ਦੀ ਗੁੱਲੀ ਜਿਹੀ; ਜੇ ਵਿਚੋਂ ਮੁਸ਼ਕ ਆਵੇ ਚੰਨਣ ਦੀ ਤਾਂ ਹੋਇਆ ਚੰਨਣ, ਜੇ ਮੁਸ਼ਕ ਨਿਕਲ ਵੰਞੇ ਤਾਂ ਕਾਠ-ਗੁੱਲੀ ਕੌਡੀ ਦੀ ਬੀ ਨਾ । ਤਿਵੇਂ ਜੇ ਸਾਹ ਨਿਕਲ ਜਾਵੇ ਸਰੀਰ ਢੈ ਪੈਂਦਾ ਹੈ, ਫੇਰ ਤੇਰੀ ਦਵਾਈ ਕੋਈ ਖਾਧੀ ਹੀ ਨਹੀਂ ਜਾਂਦੀ । ਵੇਖ ਜਦ ਤਾਂਈਂ ਸਰੀਰ ਜੀਉਂਦਾ ਹੈ ਪੀੜ ਬੀ ਹੁੰਦੀ ਹੈ, ਪੀੜ ਹੁੰਦੀ ਏ ਤਾਂ ਪਤਾ ਲਗਦਾ ਏ ਕਿ ਕੋਈ ਦੁਖ ਸਰੀਰ ਨੂੰ ਹੈ । ਜੇ ਪੀੜ ਨਾ ਹੋਵੇ ਤਾਂ ਦੁਖ ਦਾ ਪਤਾ ਹੀ ਨਾ ਲਗੇ । ਸੋ ਪੀੜ ਬੀ ਇਕ ਤਰ੍ਹਾਂ ਦਾ ਵੈਦ ਹੋਇਆ

*ਦੁਖੁ ਵੇਛੋੜਾ ਇਕੁ ਦੁਖੁ ਭੂਖ । [ਮਲਾਰ ਮਃ ੧, ਪੰਨਾ ੧੨੫੬



www.AKJ.Org

ਤੇਰੇ ਵਰਗਾ, ਕਿਉਂ ਵੀਰ ਵੈਦ ! ਸੱਚ, ਜੇ ਪੀੜ ਹੈ ਤਾਂ ਪਤਾ ਦੇਂਦੀ ਏ, ਤੈਨੂੰ ਬੀ ਪਛਾਣ ਦੱਸਦੀ ਏ ਦੁਖ ਦੀ, ਨਹੀਂ ਤਾਂ ਤੈਨੂੰ ਕੀ ਪਤਾ ? ਸੋ ਮੈਨੂੰ ਦਿਲ ਵਿਚ ਪੀੜ ਏ, ਓਥੇ ਸੋਹਣੇ ਬਾਬਲ ਤੋਂ ਵਿਛੋੜੇ ਦਾ ਦੁਖ ਏ। ਐਸਾ ਦਾਰੂ ਵੀਰਾ, ਤੇਰੇ ਪਾਸ ਕੋਈ ਨਹੀਂ ਜਿਹੜਾ ਓਥੇ ਜਾ ਕੇ ਲਗੇ, ਸੋ ਤੂੰ ਦਾਰੂ ਮੈਨੂੰ ਨਾ ਕੋਈ ਦੇਹ, ਸੁਣ ਭੋਲੇ ਵੈਦ ! ਐਵੇਂ ਸਰੀਰ ਦਾ ਦਾਰੂ ਨਾ ਪਿਆ ਲਾ ਮੈਨੂੰ।

ਵੈਦ ਨੂੰ ਹੋਸ਼ ਆ ਗਈ, ਦਿਲ ਨੂੰ ਆਖੇ, ਇਹ ਰੋਗੀ ਏ ਕਿ ਰੋਗਾਂ ਦਾ ਦਾਰੂ ਏ ! ਇਹ ਬਾਲਕਾ ਏ ਕਿ ਵੈਦ-ਰਾਜ ਏ ! ਇਹ ਮਾਮੂਲੀ ਬੰਦਾ ਏ ਸਾਡੇ ਵਰਗਾ ਕਿ ਰੱਬ ਦਾ ਘੱਲਿਆ ਏ, ਜੋ ਏਡੀਆਂ ਉੱਚੀਆਂ ਉੱਚੀਆਂ ਤੇ ਸੁੱਚੀਆਂ ਗੱਲਾਂ ਕਰਦਾ ਏ ! ਇਹ ਗੋਰਖ ਏ ਕਿ ਵਿਸ਼ਨੂੰ ਏ* ? ਇਉਂ ਸੋਚਦਾ ਪੁੱਛਣ ਲੱਗਾ: ਭਲਾ ਜੀ, ਭਲਾ ਆਖਿਆ ਨੇ, ਇਹ ਤਾਂ ਦੱਸੋ ਜੋ ਗੱਲ ਆਖੀ ਏ ਸੱਚ ਏ ? ਅਸੀਂ ਤੁਹਾਡੇ ਸੋਹਣੇ ਬਾਬਲ ਤੋਂ ਵਿਛੁੜੇ ਹਾਂ ਤੇ ਇਹ ਰੋਗ ਏ, ਪਰ ਅਸੀਂ ਪਛਾਣਦੇ ਨਹੀਂ, ਤੇ ਇਹ ਰੋਗ ਗੁੱਝਾ ਰੋਗ ਏ। ਇਹ ਸਾਨੂੰ ਕਿਵੇਂ ਲਗਾ ਏ ਤੇ ਅਸੀਂ ਕਿਉਂ ਨਹੀਂ ਇਸ ਦੀ ਪੀੜ ਨੂੰ ਤੁਸਾਂ ਵਾਂਗਰ ਮਲੂਮ ਕਰਦੇ ? ਇਹ ਕਰਕ ( = ਪੀੜ) ਜੋ ਤੁਸਾਂ ਕਹੀ ਏ ਸਾਡੇ ਕਾਲਜੇ ਵਿਚ ਕਿਉਂ ਨਹੀਂ ਵਜਦੀ ?

ਹੁਣ ਫੇਰ ਦਿਆਲੂ ਜੀ ਦੇ ਸੋਹਣੇ ਬੁੱਲ੍ਹ ਖੁੱਲ੍ਹੇ ਤੇ ਆਖਣ ਲੱਗੇ :-ਸੁਣ ਵੀਰ ਵੈਦ ਵੇ, ਮਨੁੱਖ ਦਾ ਮਨ, ਜੋ ਦਿੱਸਦਾ ਏ ਚੰਗਾ ਚੰਗਾ, ਲੱਗਦਾ ਏ ਮਿੱਠਾ ਮਿੱਠਾ, ਉਸ ਨੂੰ ਲੈਣ ਲੈਣ ਦੀ ਲੋਚਾ ਵਿਚ, ਚਾਹਨਾ ਵਿਚ, ਐਨਾ ਲੱਗ ਜਾਂਦਾ ਏ ਕਿ ਜਿਵੇਂ ਕੋਈ ਅੰਨ੍ਹਾ ਹੋ ਜਾਂਦਾ ਏ। ਲੋਕੀਂ ਆਖਦੇ ਹਨ ਨਾ ਕਿ ਫਲਾਣਾ ਫਲਾਣੀ ਗੱਲ ਦੇ ਮਗਰ ਅੰਨ੍ਹਾ ਹੋ ਕੇ ਲੱਗ ਪਿਆ ਹੈ; ਸੋ ਮਨ ਓਨ੍ਹਾਂ ਵਸਤਾਂ ਤੇ ਗੱਲਾਂ ਦੇ ਮਗਰ ਲੱਗ ਕੇ ਉਨ੍ਹਾਂ ਨੂੰ ਕਿਵੇਂ ਨਾ ਕਿਵੇਂ ਲੈ ਲੈਂਦਾ ਏ, ਫੇਰ ਉਨ੍ਹਾਂ ਨੂੰ ਭੋਗਦਾ ਏ, ਖਾਂਦਾ ਏ, ਪੀਂਦਾ ਏ, ਹੰਢਾਉਂਦਾ ਏ, ਮੌਜਾਂ ਮਾਣਦਾ ਏ, ਐਉਂ ਹੋਰ ਅੰਨ੍ਹਾ ਹੋ ਜਾਂਦਾ ਏ। ਉਹਨਾਂ ਮੌਜਾਂ ਵਿਚ ਲੱਗਾ ਆਪਣੇ ਸੁਹਣੇ ਬਾਬਲ ਨੂੰ ਭੁੱਲ ਜਾਂਦਾ ਏ। ਜਿਕੂੰ ਛੋਟੇ ਬਾਲ ਖੇਡਾਂ ਦੇ ਮਗਰ ਲਗੇ ਤੇ ਖਿਡਾਉਣਿਆਂ ਵਿਚ ਮਸਤ ਹੋਏ ਘਰੋਂ ਬਾਹਰ ਨਿਕਲ ਜਾਂਦੇ ਤੇ ਹੋਰ ਮੁੰਡਿਆਂ ਕੁੜੀਆਂ ਨਾਲ ਖੇਡਦੇ ਮਾਂ ਪਿਉ ਨੂੰ ਬੀ ਖੇਡਾਂ ਵਿਚ ਲੱਗੇ ਭੁੱਲੇ ਰਹਿੰਦੇ ਹਨ, ਏਸੇ ਤਰ੍ਹਾਂ ਅਸੀਂ ਉੱਚੇ ਬਾਬਲ ਨੂੰ ਭੁੱਲ ਜਾਂਦੇ ਹਾਂ, ਤਾਂ ਸਾਨੂੰ ਦੁੱਖ ਆ ਵਾਪਰਦੇ ਹਨ। ਸਰੀਰ ਨੂੰ ਕਈ ਰੋਗ ਉਠ ਖਲੋਂਦੇ ਹਨ। ਰੋਗ ਤਾਂ ਵੈਦਾ ! ਸਰੀਰ ਨੂੰ ਹੁੰਦੇ ਹਨ ਪਰ ਪੀੜ ਮਨ ਨੂੰ ਹੁੰਦੀ ਹੈ। ਮਨ ਜੋ ਮਾਲਕ ਪਰਮੇਸ਼ਰ ਨੂੰ, ਸੋਹਣੇ ਬਾਬਲ ਨੂੰ, ਭੁੱਲ ਕੇ ਖੇਡਾਂ ਵਿਚ ਰੁੱਝ ਗਿਆ ਸੀ, ਅੰਨ੍ਹਾ ਹੋ ਗਿਆ ਸੀ। ਸਾਰੇ ਦੁੱਖ ਜੋ ਸਰੀਰ ਨੂੰ ਹੁੰਦੇ ਹਨ ਉਹ ਅੰਨ੍ਹੇ ਹੋਏ ਮਨ ਨੂੰ ਸਜ਼ਾ ਮਿਲਦੀ ਹੈ, ਕਿਉਂ ਜੁ ਪੀੜ ਉਸ ਨੂੰ ਹੁੰਦੀ ਏ। ਪੀੜ ਦੀ ਸਜ਼ਾ ਬੀ ਹਈ ਵੈਦਾ ਤੇ ਦਾਰੂ ਬੀ ਹਈ, ਕਿਉਂ ਜੁ ਪੀੜ ਦੁਖ ਦਾ ਪਤਾ ਦੱਸਦੀ ਏ। ਇਹੋ ਪੀੜ ਦਾਰੂ ਹੋ ਜਾਂਦੀ ਏ। ਸੋ ਤੂੰ ਮੇਰੀ ਕਲੇਜੇ ਦੀ ਕਰਕ ਨਾ ਦੂਰ ਕਰ, ਇਹ ਸੋਹਣੇ ਬਾਬਲ ਦੇ ਪਿਆਰ ਦੀ ਕਸਕ ਏ, ਤੂੰ ਆਪਣੇ ਰੋਗ ਦਾ ਦਾਰੂ ਕਰ, ਜੋ ਹੈ ਤੇ ਚੀਸਾਂ ਨਹੀਂ ਮਾਰਦਾ।

ਹੁਣ ਵੈਦ ਦੇ ਨੈਣ ਅੱਥਰੂਆਂ ਨਾਲ ਭਰ ਆਏ, ਹੱਥ ਬੰਨ੍ਹ ਕੇ ਆਖਣ ਲੱਗਾ : ਸੁਹਣੇ ਸੁਹਣੇ ਚਾਨਣੇ ਚਾਨਣੇ ਬਿਰਧ ਬਾਲਕੇ ਜੀ; ਅੰਦਰ ਦੇ ਵੈਦ ਜੀ ! ਹੁਣ ਕੋਈ ਦਾਰੂ ਬੀ ਦੱਸੋ ਅੰਨ੍ਹੇ ਮਨ ਦਾ, ਦੁਖੀ ਮਨ ਦਾ।

ਹੁਣ ਪਿਆਰ ਨਾਲ ਤੱਕੇ ਸੋਹਣੇ ਗੁਰੂ ਜੀ, ਤੇ ਬੋਲੇ :-

ਸੁਣ ਵੈਦ ! ਤੇਰੀ ਜਾਗ ਮੇਰਾ ਨਿਰੰਕਾਰ ਖੋਹਲੇ, ਤੈਨੂੰ ਹੁਣ ਕੁਛ ਪੀੜ ਪੁੱਜੀ ਏ, ਸੁਣ, ਹੁਣ ਕੰਨ ਦੇ ਕੇ ਦਾਰੂ ਸੁਣ। ਉਸ ਸੋਹਣੇ ਬਾਬਲ ਦਾ, ਉਸ ਨਿਰੰਕਾਰ ਦਾ ! ਉਸ ਸਭ ਮੈਲਾਂ ਤੋਂ ਉੱਜਲੇ ਦਾ ਚਮਕਦਾ 'ਨਾਮ' ਇਕ ਰਖਜਾ ਕਰਨੇਹਾਰ, ਰੋਗਾਂ ਤੋਂ ਰਾਜ਼ੀ ਕਰਨੇ ਵਾਲਾ ਦਾਰੂ ਏ, ਉਹ ਜਦ ਉਸ ਦੁਖੀ ਮਨ ਵਿਚ ਆ ਵਸਦਾ ਏ ਤਾਂ ਇਹ ਦੇਹੀ, ਇਹ ਜੁੱਸਾ, ਇਹ ਸਰੀਰ ਜਿੰਦ ਵਾਲਾ, ਜੀਉਂਦਾ, ਸਰੀਰ ਸੋਨੇ ਵਾਂਙੂ ਸੁਹਣਾ ਚਮਕਾਂ ਵਾਲਾ ਤੇ ਨਵਾਂ ਨਰੋਆ ਹੋ ਜਾਂਦਾ ਏ। ਫੇਰ ਮਨ ਦੇ ਦੁਖ ਤੇ ਸਰੀਰ ਦੇ ਸਾਰੇ ਰੋਗ ਦੂਰ ਹੋ ਜਾਂਦੇ ਹਨ। ਹਾਂ ਵੈਦ ਜੀ ! ਐਉਂ ਸਮਝ ਲੈ ਕਿ ਸਭ ਕੋਈ ਸਾਰੇ ਦੁੱਖਾਂ ਤੋਂ ਛੁੱਟ ਜਾਂਦਾ ਹੈ, ਇਕ ਉਸ ਸੋਹਣੇ ਬਾਬਲ ਦੇ।

*ਗੋਰਖ—ਜੋਗੀਆਂ ਦਾ ਵਡਾ ਗੁਰੂ। ਵਿਸ਼ਨੂੰ—ਦੇਉਤਿਆਂ ਦਾ ਵੱਡਾ ਦੇਉਤਾ।



www.AKJ.Org

# ਅਬਦਾਲੀ, ਸਿਖ ਤੇ ਵੱਡਾ ਘਲੂਘਾਰਾ

[ਕਿਸ਼ਤ ੨੬ਵੀਂ, ਲੜੀ ਜੋੜਨ ਲਈ ਵੇਖੋ ਸੂਰਾ ਅਕਤੂਬਰ ੧੯੮੦]

[ਵਲੋਂ—ਕੈਪਟਿਨ ਸਵਰਨ ਸਿੰਘ ਜੀ, ਘੜਿਆਲਾ]

## ਪਾਤਸ਼ਾਹੀ ਲਸ਼ਕਰ ਦਾ ਉਥੋਂ ਰਵਾਨਾ ਹੋਣਾ ਤੇ ਇਕ ਬਾਗ ਵਿਚ ਪੜਾਅ ਕਰਨਾ–

ਕਾਜ਼ੀ ਜੀ ਬਿਆਨ ਕਰਦੇ ਹਨ :–ਜਦ ਕੋਈ ਵੀ "ਸਗਾਂ" ਵਿਚੋਂ ਅਸਲਾਮੀ ਲਸ਼ਕਰ ਪਾਸ ਨਾ ਢੁਕਿਆ ਤਾਂ ਦੁਨੀਆਂ ਦੇ ਪਾਤਸ਼ਾਹ ਨੇ ਰਾਤ ਏਥੇ ਹੀ ਪੜਾਅ ਕਰਨ ਦਾ ਹੁਕਮ ਕੀਤਾ। ਦਿਨ ਚੜ੍ਹੇ ਲਸ਼ਕਰ ਨੇ ਘਰਾਂ ਨੂੰ ਕੂਚ ਕੀਤਾ। ਇਸ ਰਾਹੇ ਚੰਦ ਮੀਲ ਅੱਗੇ ਗਏ ਤਾਂ ਫਿਰ ਰਾਹ ਬਾਰੇ ਸੋਚ ਵਿਚਾਰ ਕੀਤੀ। ਇਕਨਾ ਕਿਹਾ ਕਿ ਸਾਨੂੰ ਸੱਜੇ ਹੱਥ ਵਾਲੇ ਰਾਹ ਚਲਣਾ ਚਾਹੀਦਾ ਹੈ। ਪਰ ਧਰਮ-ਰਖਿਅਕ ਖ਼ਾਨ (ਅਹਿਮਦ ਸ਼ਾਹ) ਨੇ ਕਿਹਾ ਕਿ ਇਸ ਪਾਸੇ ਨਾ ਘਾਹ ਪੱਠਾ ਹੈ ਨਾ ਅਨਾਜ। ਖੱਬੇ ਹੱਥ ਵਾਲਾ ਰਾਹ ਵਸੋਂ ਵਾਲੇ ਇਲਾਕੇ ਵਿਚਦੀ ਲੰਘਦਾ ਹੈ ਦਾਣਾ ਪੱਠਾ ਵੀ ਕਾਫ਼ੀ ਹੋਵੇਗਾ। ਕੋਈ ਤਕਲੀਫ਼ ਨਹੀਂ ਹੋਵੇਗੀ। ਸੋ ਏਸੇ ਖੱਬੇ ਹੱਥ ਵਾਲੇ ਰਾਹ ਜਾਣ ਦਾ ਫੈਸਲਾ ਹੋਇਆ।

ਇਹ ਸਾਰਾ ਇਲਾਕਾ ਬੜਾ ਸੋਹਣਾ ਵਸਦਾ-ਰਸਦਾ ਸੀ। ਜ਼ਮੀਨ ਚੰਗੀ ਉਪਜਾਊ ਹੋਣ ਕਰਕੇ ਹਰ ਜਿਨਸ–ਕਣਕ, ਜੌਂ, ਮਾਹ, ਛੋਲੇ–ਬੜੀ ਬਹੁਤਾਤ ਨਾਲ ਸੀ। ਪਸ਼ੂ ਤੇ ਬੰਦੇ ਖ਼ੂਬ ਲੇਹੜਦੇ ਰਹੇ ਤੇ ਸਾਰੇ ਹੀ ਖ਼ੂਬ ਨਵੇਂ ਨਰੋਏ ਹੋ ਗਏ। ਰੋਜ਼ ਹੌਲੀ ਹੌਲੀ ਪੰਜ ਛੇ ਕੋਹ ਹੀ ਚਲਦੇ ਸਾਂ ਤੇ ਇਸ ਤਰ੍ਹਾਂ ਬੜੇ ਆਰਾਮ ਨਾਲ ਤਿੰਨ ਚਾਰ ਦਿਨ ਤੁਰਦੇ ਗਏ। ਰਾਹ ਵਿਚ ਇਕ ਬਹੁਤ ਸੁੰਦਰ ਬਾਗ ਆਇਆ, ਜਿਸ ਵਿਚ ਹਰ ਕਿਸਮ ਦੇ ਫਲ ਫੁਲ ਤੇ ਸੁੰਦਰ ਪੰਛੀ ਸਨ। ਇਹ ਸੁੰਦਰਤਾ ਤੇ ਖੁਸ਼ੀਆਂ ਦਾ ਖੇੜਾ ਸੀ। [ਕਾਜ਼ੀ ਜੀ ਇਸ ਦੀ ਬਹੁਤ ਹੀ ਤਾਰੀਫ਼ ਕਰਦੇ ਹਨ। ਇਹ ਪੰਜੌਰ ਬਾਗ ਹੀ ਹੋ ਸਕਦਾ ਹੈ।] ਏਥੇ ਦੋ ਦਿਨ ਪੜਾਅ ਕੀਤਾ ਤੇ ਖ਼ੂਬ ਮੌਜਾਂ ਮਾਣੀਆਂ। ਤੀਜੇ ਦਿਨ ਏਥੋਂ ਅੱਗੇ ਨੂੰ ਕੂਚ ਕੀਤਾ। ਇਸ ਤਰ੍ਹਾਂ ਦੋ ਮਹੀਨੇ ਲਸ਼ਕਰ ਤੁਰਿਆ ਰਿਹਾ, ਪਰ ਕਦੇ ਵੀ (ਦੋ ਫਰਸੰਗ) ਪੰਜ ਛੇ ਕੋਹ ਤੋਂ ਵਧ ਫ਼ਾਸਲਾ ਤੈ ਨਾ ਕੀਤਾ। ਕਦੇ

---

†ਨਾਮ ਨੂੰ ਆਪਣੇ ਅੰਦਰ ਵਸਾ ਕੇ। ਦੇਖੋ, ਜਿਥੇ ਮੇਰੇ ਅੰਦਰ ਸੋਹਣੇ ਬਾਬਲ ਦੀ ਪਿਆਰ-ਪੀੜ ਏ, ਉਥੇ ਵਸਦਾ ਏ ਉਸਦਾ ਨਾਮ। ਮੇਰੀਆਂ ਤੂੰ ਹੁਣ ਨਾੜਾਂ ਵੇਖ, ਸਾਰਾ ਪਿੰਡਾ ਵੇਖ, ਮੇਰਾ ਸਰੀਰ ਨਵਾਂ ਨਰੋਆ ਏ, ਏਸ ਨੂੰ ਕੋਈ ਰੋਗ ਨਹੀਂ। ਵੈਦ ਹੁਣ ਹਰਿਆਨ ਤੋਂ ਹਰਿਆਨ ਹੋ ਹੋ ਕੇ ਪਿਆਰ ਵਿਚ ਆ ਗਿਆ ਸੀ। ਆਪਣੀ ਵੈਦੰਗੀ ਸਾਰੀ ਭੁੱਲ ਗਿਆ ਸੀ। ਮਸਤ ਹੋਇਆ ਸੋਹਣੇ ਚਿਹਰੇ ਵਲ ਤੱਕਦਾ ਅੱਖਾਂ ਬੀ ਘੱਟ ਝਮਕਦਾ ਸੀ। ਉਸ ਨੂੰ ਠੰਡੀ ਠੰਡੀ ਮਿੱਠੀ ਮਿੱਠੀ ਆਉਂਦੀ ਜਾਪਦੀ ਸੀ ਕੋਈ ਲਪਟ ਜਿਹੀ ਗੁਰੂ ਕੇ ਸਰੀਰ ਵਲੋਂ। ਉਸ ਦਾ ਸਿਰ ਝੁੱਕ ਗਿਆ, ਆਖਿਓਸੁ :–

ਹੁਣ ਮੇਰੇ ਤੇ ਮਿਹਰ ਕਰੋ, ਮੇਰੇ ਅੰਦਰਲੇ ਦੇ ਰੋਗ ਦੂਰ ਕਰੋ। ਗੁਰੂ ਜੀ ਨੇ ਵਰ ਦਿੱਤਾ : ਸਤਿਸੰਗ ਕਰਿਆ ਕਰ, ਰੋਗ ਦੂਰ ਹੋ ਵੇਸਣ*।

ਵੈਦ ਹੁਣ ਮੱਥਾ ਟੇਕ ਕੇ ਤੁਰ ਪਿਆ ਤੇ ਜਾਂਦਾ ਹੋਇਆ ਮਹਿਤਾ ਕਾਲੂ ਜੀ ਨੂੰ ਕਹਿਣ ਲੱਗਾ:–ਫਿਕਰ ਨਾ ਕਰੋ, ਤੇਰਾ ਨੌਨਿਹਾਲ ਬਿਮਾਰ ਨਹੀਂ, ਇਸ ਨੂੰ ਕੋਈ ਰੋਗ ਨਹੀਂ, ਕੋਈ ਅਹੁਰ ਨਹੀਂ, ਕੋਈ ਛਾਯਾ ਨਹੀਂ, ਕੋਈ ਪਕੜ ਨਹੀਂ। ਇਹ ਪਰਮੇਸੁਰ ਦਾ ਪਿਆਰਾ ਏ। ਇਹ ਕੋਈ ਮਹਾਨ ਪੁਰਖ ਏ, ਧੁਰੋਂ ਆਇਆ ਏ, ਜਗਤ ਦੇ ਲੋਕਾਂ ਦਾ ਭਲਾ ਕਰਨ ਆਯਾ ਏ। ['ਬਾਲਮ ਸਾਖੀਆਂ' ਪੁਸਤਕ ਵਿਚੋਂ ਧੰਨਵਾਦ ਸਹਿਤ

---

*ਅਬ ਮੁਝ ਪਰ ਇਹ ਕਰੁਨਾ ਕਰੀਏ। ਮਨ ਕੇ ਰੋਗ ਸਗਲ ਪਰਹਰੀਏ। ਸ੍ਰੀ ਗੁਰ ਕਹਯੋ ਕਰੋ ਸਤਿਸੰਗਾ। ਦਿਨ ਥੋਰਨ ਮਹਿੰ ਹੋਵਹਿ ਭੰਗਾ। [ਸ੍ਰੀ ਗੁ: ਨਾ: ਪ੍ਰ:



www.AKJ.Org

ਸੱਜੇ ਨੂੰ ਹੋ ਜਾਂਦੇ ਤੇ ਕਦੇ ਖੱਬੇ ਨੂੰ ਚਲੇ ਜਾਂਦੇ। ਕਈ ਵਾਰ ਅੱਗੇ ਨੂੰ ਜਾ ਕੇ ਫਿਰ ਪਿਛੇ ਨੂੰ ਹਟ ਆਉਂਦੇ। ਪਾਤਸ਼ਾਹ ਦੇ ਹੁਕਮ ਨਾਲ ਪੂਰੀਆਂ ਖੁਲ੍ਹਾਂ ਸਨ। ਲਸ਼ਕਰੀ ਤੇ ਲਸ਼ਕਰ ਦੇ ਘੋੜੇ ਊਠ ਰਜਦੇ ਪੁਜਦੇ ਖ਼ੂਬ ਮੋਟੇ ਤਾਜ਼ੇ ਤੇ ਤਿਆਰ ਹੋ ਗਏ ਸਨ। ਇਰਾਦਾ ਤਾਂ ਦਿੱਲੀ ਨੂੰ ਜਾਣ ਦਾ ਸੀ, ਪਰ ਉਸ ਰਾਹ ਤੁਰਨ ਨੂੰ ਤਿਆਰ ਕੋਈ ਨਹੀਂ ਸੀ। ਏਸੇ ਪ੍ਰਵਾਹੇ ਵਿਚ ਸ਼ਾਹ ਨੇ ਕੁਝ ਦਿਨ ਮੌਜ-ਮੇਲੇ ਵਿਚ ਗੁਜ਼ਾਰੇ।

ਰਵਾਂ ਗਸ਼ਤ ਸ਼ਾਹ ਵ ਸਪਹ ਜ਼ਾਂ ਸਗਾਂ। ਸ਼ੁਦਹ ਮਨਜ਼ਲਸ਼ ਦਰ ਯਕੇ ਬੋਸਤਾਂ।
ਬਖ਼ੂੰ ਬਸਤਹ ਗੁੰਚਾ ਚੂੰ ਗਰਦੂੰ ਕਮਰ। ਜ਼ਿ ਬੇਖ਼ੇਸ਼ ਆਂ ਲਾਲਾ ਅਫ਼ਗੰਦਾ ਸਰ।
ਸ਼ੁਦਾ ਸਬਜ਼ਾ ਖ਼ਸਤਹ ਜ਼ਿ ਪੈਕਾਨਿ ਖ਼ੇਸ਼। ਬ-ਲਰਜ਼ਹ ਸ਼ੁਦਾ ਬੇਦ ਬਰ ਜਾਨਿ ਖ਼ੇਸ਼।.....
ਦਰੀਂ ਬਾਗ਼ ਸ਼ਹ ਸ਼ੁਦ ਬਉਸਰਤ ਗਰੀ। ਬ-ਬੁਲਬੁਲ ਬ-ਗੁਲ ਦਰ ਤਰਬ ਗਸਤਰੀ।
ਦੋ ਰੋਜ਼ ਅੰਦਰਾਂ ਬਾਗ਼ ਇਸ਼ਰਤ ਨਮੂਦ। ਸਿਓਮ ਰੋਜ਼ ਜਾਂ ਆਂ ਜਾ ਰਵਾਂ ਸ਼ੁਦ ਕਿ ਬੂਦ।
ਚੁਨੀਂ ਤਾਂ ਦੋ ਮਾਹ ਅੰਦਰ ਆਂ ਜਾ ਸਿਪਾਹ। ਨਮੇ ਰਫ਼ਤ ਪੇਸ਼ ਅਜ਼ ਦੋ ਫ਼ਰਸੰਗ ਰਾਹ।
ਗਹੇ ਦਸਤ ਚਪ ਰਾਂਦ ਗਹੇ ਦਸਤ ਰਾਸਤ। ਗਹੇ ਪਸ ਗਹੇ ਪੇਸ਼ ਹਰ ਸੂ ਕਿ ਖ਼ਾਸਤ।
ਮਰਾਕਬ ਹਮਹ ਲਸ਼ਕਰ ਅਜ਼ ਹੁਕਮਿ ਸ਼ਾਹ। ਸ਼ੁਦਾ ਫ਼ਰਬਹ ਵ ਮੁਸਤਅਦ ਬ-ਹਰ ਰਾਹ।
ਬ-ਦਿਹਲੀ ਹਮੇ ਬੂਦ ਅਜ਼ਮਿ ਰਹੀਲ। ਵਲੇ ਮੀ ਨਸ਼ੁਦ ਅਜ਼ਮਿ ਆਂ ਰਾਹ ਦਲੀਲ।
ਦਰ ਆਂ ਮਨਜ਼ਲ ਆਂ ਸ਼ਾਹਿ ਗੀਤੀ ਫ਼ਰੋਜ਼। ਬਹ ਸ਼ਾਦੀ ਬਸਰ ਬੁਰਦ ਯਕ ਚੰਦ ਰੋਜ਼।
ਦਰਾਂ ਮੁਲਕ ਆਬਾਦ ਕਾ ਬਾਦ ਬਾਦ। ਮਕਾਮਿ ਸਿਹ ਚਾਰ ਇਤਫ਼ਾਕ ਉਫ਼ਤਾਦ।

[ਜੰਗਨਾਮਾ–ਸਫ਼ਾ 111 - ਸਤਰਾਂ 1 ਤੋਂ 3 ਤਕ, ਸਫ਼ਾ 113–ਸਤਰਾਂ 26 ਤੋਂ 33 ਤੁੱਕ]

ਇਸ ਤਰ੍ਹਾਂ ਚਲਦੇ ਹੋਏ ਕਿਤੇ ਕਿਤੇ ਤਿੰਨ ਤਿੰਨ ਚਾਰ ਚਾਰ ਰੋਜ਼ ਦਾ ਵੀ ਪੜਾਅ ਕਰ ਦਿਤਾ ਜਾਂਦਾ ਸੀ। ਏਸੇ ਤੱਪੇ ਵਿਚ ਫਿਰਦਿਆਂ ਨਸੀਰ ਖਾਂ ਨੂੰ ਉਸ ਦੇ ਤਾਏ ਸੁਲਤਾਨ ਮੀਰ ਅਹਿਮਦ ਦੇ ਮਰਨ ਦੀ ਖ਼ਬਰ ਮਿਲੀ।

## ਪਾਤਸ਼ਾਹ ਦਾ ਕੁੰਜ ਪੁਰੇ ਦੇ ਸ਼ਹਿਰ ਵਿਚ ਅੱਪੜਨਾ ਤੇ ਅੱਗੇ ਵਾਸਤੇ ਸੋਚ ਵਿਚਾਰ ਕਰਨਾ–

ਏਥੋਂ ਪੰਜ ਦਿਨ ਬਾਅਦ ਅੱਗੇ ਨੂੰ ਕੂਚ ਹੋਇਆ। ਅੰਤ ਨੂੰ ਲਸ਼ਕਰ ਕੁੰਜ ਪੁਰੇ ਦੇ ਤੱਪੇ ਵਿਚ ਅਪੜਿਆ ਤੇ ਕੁੰਜਪੁਰੇ ਦੇ ਸ਼ਹਿਰ ਲਾਗੇ ਮਕਾਮ ਲਈ ਤੰਬੂ ਲਾ ਦਿਤੇ। ਏਥੇ ਪਾਤਸ਼ਾਹ ਨੇ ਇਕ ਦਿਨ ਦਰਬਾਰ ਲਾਇਆ ਅਤੇ ਸਾਰੇ ਅਫ਼ਗਾਨ ਸਰਦਾਰਾਂ ਤੇ ਬਲੋਚਾਂ ਦੇ ਖਾਨ ਨੂੰ ਸੱਦਿਆ ਤੇ ਉਨ੍ਹਾਂ ਦੀ ਸਲਾਹ ਪੁਛੀ ਕਿ ਏਥੋਂ ਆਪਾਂ ਨੂੰ ਅੱਗੇ ਚਲਣਾ ਚਾਹੀਦਾ ਹੈ ਜਾਂ ਪਿਛਾਂਹ ਆਪਣੇ ਵਤਨ ਵਲ ਮੁੜ ਜਾਣਾ ਚਾਹੀਦਾ ਹੈ। ਪਹਿਲਾਂ ਵਾਂਗ ਅਫ਼ਗਾਨ ਸਰਦਾਰ ਨੇ ਨਸੀਰ ਖਾਨ ਵਲ ਤੱਕਿਆ, ਜਿਸ ਦਾ ਭਾਵ ਸੀ ਕਿ ਤੂੰ ਪਾਤਸ਼ਾਹ ਨੂੰ ਜਵਾਬ ਦਿਹ।

ਨਸੀਰ ਖਾਨ ਨੇ ਪਾਤਸ਼ਾਹ ਦੀ ਯੋਗ ਉਸਤਤ ਕਰ ਕੇ ਕਿਹਾ ਕਿ ਸਭ ਤੋਂ ਚੰਗੀ ਗੱਲ ਤਾਂ ਇਹ ਹੈ ਕਿ ਆਪਾਂ ਦਿਲੀ ਚਲੀਏ ਅਤੇ ਬਰਸਾਤ ਦੇ (ਚਮਾਸੇ ਦੇ) ਚਾਰ ਮਹੀਨੇ ਉਥੇ ਹੀ ਗੁਜ਼ਾਰੀਏ। ਉਥੇ ਪਤਾ ਲਗ ਜਾਊ ਕਿ ਜਾਟਾਂ, ਮਰਹੱਟਿਆਂ ਤੇ ਨਜੀਬੁੱਦੌਲਾ ਦਾ ਕੀ ਹਾਲ ਚਾਲ ਤੇ ਰੰਗ ਢੰਗ ਹੈ। ਉਸ ਨਾਲ ਉਨ੍ਹਾਂ ਕਿਵੇਂ ਲੜਾਈ ਕੀਤੀ ਤੇ ਫਿਰ ਕਿਸ ਤਰ੍ਹਾਂ ਸੁਲਹ ਕੀਤੀ। ਇਹ ਮੁਸੀਬਤ ਦਾ ਪਹਾੜ ਉਨ੍ਹਾਂ ਦੇ ਸਿਰੋਂ ਕਿਵੇਂ ਟਲਿਆ। ਇਨ੍ਹਾਂ ਸਾਰੀਆਂ ਉਲਝਣਾਂ ਦਾ ਬੰਦੋਬਸਤ ਦਿੱਲੀ ਅੱਪੜ ਕੇ ਸੁਖਾਲੇ ਹੋ ਜਾਊ। ਅਲੀ ਗੌਹਰ ਦੇ ਤੌਰ-ਤਰੀਕਿਆਂ ਦਾ ਵੀ ਪਤਾ ਲੱਗ ਜਾਊ ਕਿ ਉਸ ਦਾ ਕੀ ਇਰਾਦਾ ਹੈ, ਭਾਵ ਲੜਾਈ ਚਾਹੁੰਦਾ ਹੈ ਜਾਂ ਦੋਸਤੀ। ਉਂਜ ਤਾਂ ਸਾਰੇ ਆਦਮੀ ਕਹਿੰਦੇ ਹਨ ਕਿ ਉਸ ਨੇ ਲੜਾਈ ਦੀਆਂ ਪੂਰੀਆਂ ਤਿਆਰੀਆਂ ਕੀਤੀਆਂ ਹੋਈਆਂ ਹਨ। ਜੇਕਰ ਇਹ ਗੱਲ ਸਹੀ ਹੋਵੇ ਤਾਂ ਪਹਿਲਾਂ ਹਲਾ ਕਰ ਕੇ ਉਸ ਨੀਚ ਉਤੇ ਜਾ ਕੜਕੀਏ ਤੇ ਜਿੰਜ ਉਸ



www.AKJ.Org

ਦੀ ਹੋਸ਼ ਟਿਕਾਣੇ ਕਰ ਦੇਈਏ। ਪਰ ਜੇ ਉਹ ਮਿਤਰਤਾ ਦੇ ਰਾਹ ਉਤੇ ਤੁਰ ਪਵੇ ਤਾਂ ਫਿਰ ਉਸ ਉਤੇ ਮਿਹਰਬਾਨੀ ਹੀ ਕੀਤੀ ਜਾਵੇ। ਫਿਰ ਜੇ ਸ਼ਾਹ ਸ਼ੁਜਾਹ ਚੰਗੇ ਮਾਲ ਖਜ਼ਾਨੇ ਦੇ ਦੇਵੇ ਤਾਂ ਉਸ ਉਤੇ ਵੀ ਸਹਾਇਤਾ ਦੀ ਕਿਰਪਾ ਕੀਤੀ ਜਾਵੇ। ਜਦ ਇਹ ਸਾਰੇ ਕੰਮ ਰਾਸ ਕਰ ਕੇ ਪੱਕੇ ਕਰ ਲਏ ਜਾਣ ਤਾਂ ਸ਼ਾਹ ਸ਼ੁਜਾਹ, ਨਜੀਬ ਖਾਨ ਆਦਿ ਸਿਰਕਦਾਂ ਨੂੰ ਆਪਣੇ ਨਾਲ ਮਿਲਾ ਕੇ ਦਿਲੀ ਵਿਚ ਇਕ ਤਕੜੀ ਫ਼ੌਜ ਤਿਆਰ ਕੀਤੀ ਜਾਵੇ। ਜਾਟਾਂ ਤੇ ਮਰਹੱਟਿਆਂ ਦੀ ਸਾਰੀ ਸਿਪਾਹ ਆਪਣੇ ਨਾਲ ਲੈ ਲਈ ਜਾਵੇ, ਇਕ ਵੀ ਸਿਪਾਹੀ ਪਿਛਾਂਹ ਨਾ ਛਡਿਆ ਜਾਵੇ ਤੇ ਇਨ੍ਹਾਂ ਸਾਰਿਆਂ ਨੂੰ ਨਾਲ ਲੈ ਕੇ ਇਨ੍ਹਾਂ "ਕੁੱਤਿਆਂ" (ਸਿਖਾਂ) ਦੇ ਸਿਰਾਂ ਉਤੇ ਟੁੱਟ ਪਿਆ ਜਾਵੇ ਤੇ ਇੰਜ ਇਨ੍ਹਾਂ ਭ੍ਰਿਸ਼ਟਿਆਂ ਦੀ ਜੜ-ਮੇਖ ਪੁਟ ਗੁਆਈ ਜਾਵੇ, ਕਿਉਂਕਿ ਕਿਸੇ ਜੂਹ ਦੇ ਸਹੇ ਨੂੰ ਓਥੋਂ ਦਾ ਕੁੱਤਾ ਹੀ ਫੜ ਸਕਦਾ ਹੈ। ਪਾਤਸ਼ਾਹ ਨੇ ਇਹ ਜਵਾਬ ਸੁਣ ਕੇ ਸਦ ਆਫ਼ਰੀਨ ਆਖਿਆ।

"ਪਸ ਅਜ਼ ਈਂ ਸਨਾ ਖ਼ਾਨਿ ਹਿਕਮਤ ਸ਼ਨਾਸ। ਬਰ ਆਵੁਰਦ ਸਰ ਕਰਦ ਈਂ ਇਲਤਮਾਸ।
ਕਿ ਤਦਬੀਰ ਕਾਰ ਈਂ ਚੁਨੀਂ ਅਸਤ ਅਗਰ। ਬ-ਦਿਹਲੀ ਰਵੀ ਐ ਸ਼ਹਿ ਦਾਦ ਗਰ।
ਬਮਾਨੇਮ ਈਂ ਚਾਰ ਮਹਿ ਬਰ ਸ਼ਗਾਲ। ਬ-ਦਿਹਲੀ ਬ-ਖ਼ੁਸ਼ ਵਕਤੇ ਆਸੂਦਹ ਹਾਲ।
ਜ਼ਿ ਜਾਟੋ ਮਰਹਟਹ ਜ਼ਿ ਕਾਰਿ ਨਜੀਬ। ਸ਼ਵੀ ਵਾਕਿਫ਼ ਅਜ਼ ਗੀਰੋ ਦਾਰਿ ਨਜੀਬ।
ਕਿ ਬਾ ਓ ਚਿਹ ਕਰਦੰਦ ਅਜ਼ ਸੁਲਹ ਜੰਗ। ਚਿਹ ਸ਼ਾਂ ਸ਼ੁਦ ਕਸ਼ਾਦ ਆਂ ਚੁਨਾਂ ਕਾਰਿ ਤੰਗ।
ਬ-ਦਿਹਲੀ ਕੁਨੀ ਐ ਸ਼ਹਿ ਹੱਕ ਪ੍ਰਸਤ। ਅਜ਼ੀਂ ਕਾਰਹਾ ਅਵਲਨ ਬੰਦੋਬਸਤ।
ਵਜ਼ਾਂ ਪਸ ਜ਼ਿ ਅਹਿਵਾਲਿ ਆਲੀ ਗੁਹਰ। ਸ਼ਵੀ ਆਗਹ ਅਜ਼ ਰਜ਼ਮ ਵ ਅਜ਼ ਖ਼ੈਰੋ ਸ਼ਰ।
ਕਿ ਈਂ ਅਸਤ ਗੋਇੰਦ ਮਰਦਮ ਹਮਹ। ਕਿ ਆਰਾਸਤ ਅਜ਼ ਜੰਗ ਓ ਦਮਦਮਹ।
ਬ-ਤਾਜ਼ੇਮ ਅਵਲ ਬਰਾਂ ਬਦ ਸ਼ਗਾਲ। ਬਰੂੰ ਅਜ਼ ਸਰਸ਼ ਕੁਨ ਖ਼ਿਆਲਿ ਮੁਹਾਲ।
ਵਗਰ ਮੇ-ਜ਼ਨਦ ਦਰ ਰਹ ਇਖ਼ਲਾਸ ਗਾਮ। ਬਦੋ ਕੁਨ ਨਿਗਾਹ ਅਜ਼ ਤਲਤਫ਼ ਤਮਾਮ।
ਨਵਾਜ਼ਿਸ਼ ਗਰੀ ਕੁਨ ਬਹਾਲਿ ਸ਼ੁਜਾਅ। ਕਿ ਓ ਮੀ ਦਹਦ ਗੰਜ ਮਾਲੋ ਮਤਾਅ।
ਚੂੰ ਈਂ ਕਾਰ ਹਾ ਰਾ ਨਮੂਦੇ ਤਮਾਮ। ਸ਼ੁਦਹ ਪੁਖ਼ਤਾ ਸਰਰਿਸ਼ਤਾਏ ਕਾਰਿ ਖ਼ਾਮ।
ਨਜੀਬੋ ਸ਼ੁਜਾਅ ਵਾ ਹਮਾ ਨਾਮਦਾਰ। ਜ਼ਿ ਦਿਹਲੀ ਤੁ ਬਰਗੀਰੋ ਫ਼ੌਜਿ ਬਿਆਰ।
ਜ਼ਿ ਜਾਟੋ ਮਰਹਟਾ ਅਸਾਕਰ ਬਸੇ। ਚੁਨਾਂ ਚੂੰ ਦਰ ਆਂ ਜਾ ਨਮਾਨਦ ਕਸੇ।
ਬਗੀਰੋ ਬਯਾ ਬਰ ਸਰੇ ਈਂ ਸਗਾਂ। ਬਕੁਨ ਬੇਖ਼ ਬੁਨਿਆਦ ਈਂ ਬਦਰਗਾਂ।
ਕਿ ਖ਼ਰਗੋਸ਼ਿ ਹਰ ਮਰਜ਼ ਰਾ ਮੀ ਸ਼ਿਗੁਫ਼ਤ। ਸਗੇ ਆਂ ਵਲਾਇਤ ਤਵਾਨਦ ਗ੍ਰਿਫ਼ਤ।"

"ਪਾਤਸ਼ਾਹ ਨੇ ਜਦ ਦੁਰਾਨੀ ਸਰਦਾਰਾਂ ਨੂੰ ਪੁਛਿਆ ਤਾਂ ਉਨ੍ਹਾਂ ਸਲਾਹ ਦਿਤੀ ਕਿ ਅਸੀਂ ਇਸ ਵਾਰ ਵੀ ਵਤਨ ਨੂੰ ਵਾਪਸ ਮੁੜ ਚਲੀਏ ਤੇ ਇਹ ਬਰਸਾਤ ਦੇ ਚਾਰ ਮਹੀਨੇ ਓਥੇ ਕਟੀਏ ਤੇ ਇਸ ਦੇ ਖ਼ਾਤਮੇ, ਭਾਵ ਅਸੂ ਮਹੀਨੇ ਵਿਚ ਚੰਗੂ ਤਿਆਰ ਹੋ ਜਾਈਏ। ਜੇ ਏਥੇ ਰਹੇ ਤਾਂ ਚੁਮਾਸ ਵਿਚ ਸਾਡੇ ਊਠ ਤੇ ਘੋੜੇ ਬਹੁਤ ਮਰ ਖਪ ਜਾਣਗੇ। ਏਸ ਵੇਲੇ ਦਿਲੀ ਵਿਚ ਨਾ ਅੰਨ ਹੈ ਨਾ ਘਾਹ-ਪੱਠਾ, ਇਸ ਕਾਰਨ ਸਾਰਾ ਲਸ਼ਕਰ ਤਬਾਹ ਹੋ ਜਾਊ। ਉਤੋਂ ਗਰਮੀ ਦਾ ਮੌਸਮ ਚੜ੍ਹ ਆਇਆ ਹੈ। ਹਿੰਦੁਸਤਾਨ ਦੀ ਗਰਮੀ ਸਾਨੂੰ ਬੁਰਾ ਦੁਖੀ ਕਰੂਗੀ। ਅਸੀਂ ਵਾਪਸ ਕਾਬਲ ਜਾ ਕੇ ਇਹ ਚਾਰ ਮਹੀਨੇ ਗਰਮੀ ਦੇ ਕੱਟੀਏ। ਫਿਰ ਫ਼ੌਜ ਇਕੱਠੀ ਕਰ ਕੇ ਤੇ ਪੂਰੀ ਤਰ੍ਹਾਂ ਤਿਆਰ ਹੋ ਕੇ ਹਿੰਦੁਸਤਾਨ ਉਤੇ ਹੱਲਾ ਕਰੀਏ ਤੇ ਇਨ੍ਹਾਂ "ਸਗਾਂ" ਦੇ ਸਿਰ ਧੜਾਂ ਨਾਲੋਂ ਆਪਣੇ ਹਥਾਂ ਨਾਲ ਡੰਗੀਏ ਤੇ ਇੰਜ ਇਕ ਦਾ ਸਿਰ ਵਢ ਕੇ ਦੂਜੇ ਦੇ ਸਿਰ ਉਤੇ ਮਾਰੀਏ।"

"ਪਾਤਸ਼ਾਹ ਨੇ ਜਦ ਅਫ਼ਗਾਨ ਸਰਦਾਰਾਂ ਦੀ ਇਹ ਸਲਾਹ ਸੁਣੀ ਤਾਂ ਨਸੀਰ ਖ਼ਾਨ ਨੂੰ ਸੰਬੋਧਨ ਕਰ ਕੇ ਕਿਹਾ ਕਿ ਮੈਂ ਜੋ ਵੀ ਕਿਹਾ, ਤੁਸੀਂ ਉਸ ਉਤੇ ਫੁਲ ਚੜ੍ਹਾਉਂਦੇ ਰਹੇ। ਪਰ ਹੁਣ ਲਸ਼ਕਰ ਦੀ ਸਲਾਹ ਪਿਛੇ ਨੂੰ ਮੁੜਨ ਦੀ ਹੈ। ਆਪਾਂ ਹੁਣ ਇਸ ਵਾਰ ਪਿਛਾਂਹ ਮੁੜ ਚਲੀਏ ਤੇ ਅਗਲੇ ਸਾਲ ਫਿਰ ਲਸ਼ਕਰ ਲੈ ਕੇ ਹਲਾ ਕਰਾਂਗੇ।" ਨਸੀਰ ਖ਼ਾਨ ਨੂੰ ਵੀ ਇਹ ਮੰਨਣਾ ਪਿਆ।



www.AKJ.Org

ਸਾਰਿਆਂ ਨੇ ਇਸ ਸਲਾਹ ਵਿਚ ਹੀ ਭਲਾ ਸਮਝਿਆ ਤੇ ਇਸ ਨੂੰ ਸਰਾਹਿਆ। ਅੱਗੇ ਦਿਲੀ ਵੱਲ ਨੂੰ ਵਧਣ ਦੀ ਬਜਾਏ ਪਿਛਾਂਹ ਆਪਣੇ ਵਤਨ ਨੂੰ ਮੁੜ ਜਾਣ ਵਿਚ ਹੀ ਭਲਾ ਸਮਝਿਆ।''

''ਬ-ਪੁਰਸੀਦ ਅਜ਼ਾਂ ਪਸ ਜ਼ਿ ਦੁੱਰਾਨੀਆਂ। ਕਿ ਐ ਨੇਕ ਨਾਮਾਨਿ ਆਲੀ ਮਕਾਂ।
ਚਿਹ ਗੋਇਦ ਆਖ਼ਿਰ ਸ਼ੁਮਾ ਹਮ ਦਰੀਂ। ਕਿ ਹਮ ਜੰਗਿ ਦੁਨੀਆ ਸਤ ਹਮ ਜੰਗਿ ਦੀਂ।
ਬ-ਗੁਫ਼ਤੰਦ ਕਿ ਐ ਦਾਵਰੇ ਦਾਦਗਰ। ਕਿ ਅਜ਼ ਮਾ ਬਿਹ ਪੁਰਸੀ ਬ-ਫ਼ਰਹੰਗੋ ਫ਼ਰ।
ਬਿਹ ਆਂਸਤ ਕਿ ਈਂ ਬਾਰ ਹਮ ਪਸ ਰਵੇਮ। ਬ-ਮੁਲਕੇ ਖ਼ੁਦ ਆਸੂਦਹ ਖ਼ੁਸ਼ ਦਿਲ ਸ਼ਵੇਮ।
ਕਿ ਅਜ਼ ਮਾ ਦਰੀਂ ਚਾਰ ਮਾਹ ਬਰ ਸ਼ਗਾਲ। ਸ਼ਵਦ ਅਸਬ ਅਸ਼ਤਰ ਬਜੇ ਪਾਇਮਾਲ।
ਨਾ ਗ਼ੱਲਾ ਬਮਾਂਦਹ ਬ-ਦਿਹਲੀ ਨਾ ਕਾਹ। ਸ਼ਵਦ ਹਾਲਿ ਲਸ਼ਕਰ ਦਰ ਆਂ ਜਾ ਤਬਾਹ।
ਬ-ਗਰਮਾ-ਇ ਹਿੰਦੁਸਤਾਂ ਮੁਬਤਲਾ। ਬ-ਮਾਨੇਮ ਦਰ ਰੰਜ ਕਰਬੋ ਬਲਾ।
ਬ-ਕਾਬਲ ਗੁਜ਼ਾਰੇਮ ਈਂ ਚਾਰ ਮਾਹ। ਪਸ ਅਜ਼ ਚਾਰ ਮਾਹ ਜਮਅ ਆਇਦ ਸਪਾਹ।
ਬ-ਹਰ ਜਾ ਕਿ ਫ਼ਰਮਾਈ ਐ ਕਾਮਰਾ। ਬ-ਤਾਜ਼ੇਮ ਦਰ ਮੁਲਕੇ ਹਿੰਦੁਸਤਾਂ।
ਸਰੇ ਸਗ ਬ-ਦਸਤ ਅਜ਼ ਤਨਸ਼ ਬਰ ਕੁਨੇਮ। ਯਕੇ ਬਰ ਕਨੇਮੋ ਬ-ਦਾਗ ਜ਼ਨੇਮ।''

[ਸਫ਼ਾ 121, ਸਤਰਾਂ 41 ਤੋਂ 50 ਤਕ]

[ਨੋਟ :—ਅਹਿਮਦ ਸ਼ਾਹ ਅਸਲਾਮ ਲਈ ਜਹਾਦ ਦਾ ਸਿਖਾਂ ਵਿਰੁਧ ਝੰਡਾ ਬਲੰਦ ਕਰ ਕੇ, ਪੂਰੀ ਪੂਰੀ ਜੰਗੀ ਤਿਆਰੀਆਂ ਕਰਕੇ, ਨਜੀਬ ਖਾਨ ਨੂੰ ਨਾਲ ਲੈ ਕੇ, ਸਿਖਾਂ ਨੂੰ ਪੂਰੀ ਤਰ੍ਹਾਂ ਮਲੀਆਮੇਟ ਕਰ ਦੇਣ ਲਈ ਹਿੰਦੁਸਤਾਨ ਉਤੇ ਹਮਲਾਵਰ ਹੋਇਆ ਹੈ। ਪਹਿਲਿਆਂ ਨਾਲੋਂ ਇਹ ਹਲਾ ਭਿਆਨਕ ਹੈ। ਇਸ ਵਾਰ ਇਸ ਨੂੰ ਦੀਨੀ ਲੜਾਈ ਬਣਾਇਆ ਹੈ। ਕਿਉਂ? ਇਕ ਤਾਂ ਫੌਜ ਨੂੰ ਜਨੂੰਨ ਦਾ ਜੋਸ਼ ਚੜ੍ਹਾਇਆ ਜਾਵੇ ਤੇ ਦੂਸਰਾ ਪੰਜਾਬ ਦੀ ਮੁਸਲਮਾਨ ਵਸੋਂ ਨੂੰ ਮਜ਼ਹਬੀ ਫ਼ਰੀਜ਼ੇ (ਧਾਰਮਕ ਆਦੇਸ਼) ਦੀ ਵੰਗਾਰ ਪਾ ਕੇ ਇਨ੍ਹਾਂ ਨੂੰ ਵੀ ਸਿਖਾਂ ਦੇ ਖ਼ਿਲਾਫ਼ ਭੜਕਾਇਆ ਜਾਵੇ ਤੇ ਸਿਖਾਂ ਲਈ ਸਾਰੇ ਰਾਹ ਬੰਦ ਕਰ ਕੇ ਉਨ੍ਹਾਂ ਦਾ ਸਤਿਆਨਾਸ ਕਰ ਦਿਤਾ ਜਾਵੇ।

ਅਹਿਮਦਸ਼ਾਹ ਨਾਲ ਪਹਿਲੀ ਝੜਪ ਲਾਹੌਰ ਦੀਆਂ ਕੰਧਾਂ ਹੇਠ ਸ: ਚੜ੍ਹਤ ਸਿੰਘ ਨੇ ਲਈ ਹੈ। ਇਸ ਝੜਪ ਦਾ ਹੀ ਅਸਰ ਹੈ ਕਿ ਪਤਾ ਲੱਗ ਜਾਣ ਤੇ ਕਿ ਸਿਖ ਸ੍ਰੀ ਅੰਮ੍ਰਿਤਸਰ ਬੈਠੇ ਹਨ, ਸਿਖਾਂ ਦੇ ਪਿਛੇ ਪੈਂਦਾ ਤਾਂ ਹੈ, ਪਰ ਅੱਪੜਦਾ ਚੌਂਹ ਦਿਨਾਂ ਵਿਚ ਹੈ। ਏਥੇ ਬਾਬਾ ਗੁਰਬਖਸ਼ ਸਿੰਘ ਨੇ ਆਪਣ 30 ਸਿੰਘਾਂ ਨਾਲ ਦੁਰਾਨੀ ਫ਼ੌਜ ਨੂੰ ਕੁਝ ਦੇਰ ਲਈ ਵਖਤ ਵਿਖਾ ਕੇ ਸ਼ਹੀਦੀ ਪ੍ਰਾਪਤ ਕੀਤੀ ਹੈ। ਅਹਿਮਦ ਸ਼ਾਹ ਤੇ ਸਾਰੀ ਦੁਰਾਨੀ ਫ਼ੌਜ ਪਹਿਲਾਂ ਵੀ ਸਿੰਘਾਂ ਦੇ ਹੱਥ ਵੇਖ ਚੁੱਕੇ ਹਨ ਤੇ ਉਨ੍ਹਾਂ ਨੂੰ ਪੂਰੀ ਤਰ੍ਹਾਂ ਇਹਸਾਸ ਹੈ ਕਿ ਵਾਹ ਕਿਹੋ ਜਿਹੇ ਲੋਕਾਂ ਨਾਲ ਹੈ।

ਅਬਦਾਲੀ ਸ੍ਰੀ ਅੰਮ੍ਰਿਤਸਰੋਂ ਮੁੜ ਕੇ ਲਾਹੌਰ ਆਇਆ ਹੈ। ਏਥੋਂ ਚੰਗੀ ਤਰ੍ਹਾਂ ਤਿਆਰੀ ਕਰ ਕੇ ਤੁਰਦਾ ਹੈ ਤੇ 15 ਦਿਨਾਂ ਵਿਚ ਵਟਾਲੇ ਅਪੜਦਾ ਹੈ। ਏਥੋਂ ਹੁਸ਼ਿਆਰਪੁਰ ਦੇ ਰਸਤੇ ਰੋਪੜ ਤੋਂ ਸਤਲੁਜ ਨੂੰ ਪਾਰ ਕਰ ਕੇ ਪੰਜੌਰ ਤੀਕ ਪਹੁੰਚਦਾ ਹੈ। ਏਥੇ ਅੱਪੜ ਕੇ ਅਬਦਾਲੀ ਬੁਰੀ ਤਰ੍ਹਾਂ ਡਾਂਵਾਂ ਡੋਲ ਜਿਹਾ ਹੋਇਆ ਦਿਸਦਾ ਹੈ। ਪੰਜੌਰ ਤੋਂ ਦਿੱਲੀ ਕੋਈ ਦੂਰ ਨਹੀਂ। ਪਰ ਪਾਤਸ਼ਾਹ ਦਿਲੀ ਵਲ ਨੂੰ ਮੂੰਹ ਨਹੀਂ ਕਰਦਾ। ਏਥੇ ਐਵੇਂ ਐਧਰ ਓਧਰ ਫਿਰਦਾ ਤੁਰਦਾ ਰਹਿੰਦਾ ਹੈ ਤੇ ਦੋ ਮਹੀਨਿਆਂ ਦਾ ਬੜਾ ਕੀਮਤੀ ਸਮਾਂ ਵਿਅਰਥ ਹੀ ਗੁਆ ਦੇਂਦਾ ਹੈ। ਏਥੋਂ ਜੇ ਚਾਹੁੰਦਾ ਤਾਂ ਚਾਰ ਪੰਜ ਦਿਨਾਂ ਵਿਚ (ਬੜੀ ਆਸਾਨੀ ਨਾਲ) ਦਿਲੀ ਪਹੁੰਚ ਕੇ ਸਿਖਾਂ ਦੇ ਸਿਰਾਂ ਉਤੇ ਕੜਕ ਸਕਦਾ ਸੀ। ਇਨ੍ਹਾਂ ਦੋ ਮਹੀਨਿਆਂ ਦੇ ਵਕਫ਼ੇ ਵਿਚ ਮਲਹਾਰ ਰਾਓ ਹੁਲਕਰ ਨੇ ਆਪਣੀ ਕਾਇਰਤਾ ਦਾ ਸਬੂਤ ਦੇਂਦਿਆਂ ਹੋਇਆ ਨਜੀਬ ਤੇ ਜਾਟਾਂ ਵਿਚਕਾਰ ਸੁਲਹ ਕਰਵਾ ਦਿਤੀ ਤੇ ਦਿਲੀਓਂ ਚਲਦਾ ਹੋਇਆ ਜਵਾਹਰ ਸਿੰਘ ਵੀ ਦਿਲੀ ਦੁਆਲਿਓਂ ਘੇਰਾ ਚੁਕ ਕੇ ਆਪਣੇ ਇਲਾਕੇ ਵਲ ਮੁੜ ਗਿਆ ਹੈ। ਦਲ ਖਾਲਸਾ ਦਾ ਹੁਣ ਏਥੇ ਬੈਠੇ ਰਹਿਣ ਦਾ ਕੋਈ ਮਤਲਬ ਨਹੀਂ ਸੀ।



www.AKJ.Org

ਉਹ ਵੀ ਅਹਿਮਦ ਸ਼ਾਹ ਨੂੰ ਪੰਜਾਬ ਵਲ ਆਇਆ ਸੁਣ ਕੇ ਉਸ ਦਾ ਸਵਾਗਤ ਕਰਨ ਲਈ ਦਿਲੀਓਂ ਹਟ ਕੇ ਪੰਜਾਬ ਵਲ ਨੂੰ ਹੋ ਗਏ ਹਨ। ਸ਼ਾਹ ਸ਼ੁਜਾਹ ਬਕਸਰ ਦੀ ਲੜਾਈ ਵਿਚ ਅੰਗ੍ਰੇਜ਼ਾਂ ਹੱਥੋਂ ਬੜੀ ਹਾਰ ਖਾ ਕੇ ਰੁਹੇਲਿਆਂ ਪਾਸੋਂ ਸਹਾਇਤਾ ਮੰਗਣ ਵਾਸਤੇ ਆਇਆ ਹੋਇਆ ਹੈ। ਰੁਹੇਲਿਆਂ ਵਿਚ ਤਾਕਤ ਨਹੀਂ ਕਿ ਅੰਗ੍ਰੇਜ਼ਾਂ ਦੇ ਮੂੰਹ ਆ ਸਕਣ। ਉਨ੍ਹਾਂ ਉਸਦਾ ਮੂੰਹ ਅਹਿਮਦ ਸ਼ਾਹ ਵਲ ਮੋੜ ਦਿਤਾ ਹੈ। ਉਸ ਨੇ ਆਪਣੇ ਵਕੀਲ ਅਹਿਮਦ ਸ਼ਾਹ ਪਾਸ ਘਲਾਏ ਹਨ ਤੇ ਵਾਅਦਾ ਕੀਤਾ ਹੈ ਕਿ ਜੇ ਉਸਦੀ-ਸਹਾਇਤਾ ਕੀਤੀ ਜਾਵੇ ਤਾਂ ਉਹ ਬਹੁਤ ਸਾਰਾ ਮਾਲ ਖਜ਼ਾਨਾ ਇਸ ਇਵਜ਼ ਵਿਚ ਉਸ ਨੂੰ ਦੇਣ ਲਈ ਤਿਆਰ ਹੈ। ਅੰਗ੍ਰੇਜ਼ ਵੀ ਅਬਦਾਲੀ ਨਾਲ ਉਲਝਣਾ ਨਹੀਂ ਚਾਹੁੰਦੇ। ਉਹ ਦਿਲੀਓਂ ਹੈਨ ਭੀ ਬਹੁਤ ਦੂਰ। ਇਸ ਹਾਲਤ ਵਿਚ ਅਹਿਮਦ ਸ਼ਾਹ ਨੂੰ ਕੋਈ ਤਕੜਾ ਦੁਸ਼ਮਣ ਸਾਮ੍ਹਣੇ ਨਜ਼ਰ ਨਹੀਂ ਆ ਰਿਹਾ। ਪਰ ਉਸ ਦੇ ਦਿਲ ਨੂੰ ਕਿਸੇ ਦੇ ਡਰ ਨੇ ਜ਼ਰੂਰ ਗ੍ਰਸਿਆ ਹੋਇਆ ਹੈ। ਇਸ ਡਰ ਨੇ ਹੀ ਉਸਨੂੰ ਡਾਂਵਾਂ-ਡੋਲ ਕੀਤਾ ਹੋਇਆ ਹੈ। ਇਸ ਵਿਚ ਭੋਰਾ ਵੀ ਸ਼ੱਕ ਨਹੀਂ ਕਿ ਉਹ ਸਿਖਾਂ ਪਾਸੋਂ ਹੀ ਡਰ ਰਿਹਾ ਹੈ। ਖ਼ੂਬੀ ਦੀ ਗੱਲ ਹੈ ਕਿ ਸਾਰੇ ਅਫ਼ਗਾਨ ਸਰਦਾਰ ਵੀ ਅੰਦਰੋਂ ਸਿਖਾਂ ਪਾਸੋਂ ਡਰ ਰਹੇ ਹਨ। ਕੋਈ ਸਿਧੇ ਮੂੰਹ ਜੁਰਅਤ ਨਹੀਂ ਕਰਦਾ ਕਿ ਦਿਲੀ ਟਿਕ ਕੇ ਚੰਗੀ ਤਿਆਰੀ ਕਰਕੇ ਸਿਆਲ ਆਉਂਦਿਆਂ ਸਾਰ ਹੀ ਸਿਖਾਂ ਦੇ ਗਲ ਪਿਆ ਜਾਵੇ। ਹਰ ਕੋਈ ਪਿਛੇ ਨੂੰ ਹੀ ਮੁੜ ਜਾਣ ਦੀ ਰਾਏ ਦੇਂਦਾ ਹੈ।

ਅਹਿਮਦ ਸ਼ਾਹ ਧਰਮ ਹੇਤ ਜਹਾਦ ਕਰਨ ਆਇਆ ਹੈ। ਜਹਾਦ ਕਰਨ ਦੀ ਥਾਂ ਉਹ ਐਧਰ ਓਧਰ ਤੁਰਨ ਫਿਰਨ ਵਿਚ ਹੀ ਮਗਨ ਰਹਿੰਦਾ ਹੈ। ਅਫਗਾਨਿਸਤਾਨ ਤੋਂ ਚੜ੍ਹਾਈ ਕਰਕੇ ਆ ਕੇ ਐਮਨਾਬਾਦ ਡੇਰੇ ਲਾ ਕੇ ਅਮੀਰ ਮੁਹੰਮਦ ਨਸੀਰ ਖਾਨ ਬਲੋਚ ਤੇ ਉਸ ਦੀ ਫ਼ੌਜ ਨੂੰ ਉਡੀਕਣਾ, ਸਿਖਾਂ ਨਾਲ ਝੜਪ ਤੋਂ ਪਿਛੋਂ, ਇਹ ਪਤਾ ਲਗਣ ਤੇ ਵੀ ਕਿ ਸਿਖ ਸ੍ਰੀ ਅੰਮ੍ਰਿਤਸਰ ਵਲ ਨੂੰ ਹਟ ਗਏ ਹਨ, ਓਥੇ ਚਾਰ ਦਿਨਾਂ ਵਿਚ ਅਪੜਨਾ, ਜਦ ਕਿ ਇਹ ਇੱਕੋ ਦਿਨ ਦੀ ਹੀ ਮਨਜ਼ਲ ਸੀ, ਫਿਰ ਵਾਪਸ ਲਾਹੌਰ ਆ ਕੇ 15 ਦਿਨਾਂ ਵਿਚ ਵਟਾਲੇ ਅਪੜਨਾ, ਵਟਾਲਿਓਂ ਰੋਪੜ ਵਲ ਨੂੰ ਹੋ ਕੇ ਪੰਜੋਰ ਪਹੁੰਚ ਕੇ ਬਾਗ ਵਿਚ ਡੇਰੇ ਲਾਉਣੇ ਤੇ ਫਿਰ ਸਰਹੰਦ ਨੂੰ ਜਾਣ ਦੀ ਬਜਾਏ ਦਿਲੀ ਵਲ ਨੂੰ ਜਾਣਾ, ਫਿਰ ਦਿਲੀ ਵੀ ਨਾ ਅਪੜਨਾ, ਦੋ ਮਹੀਨੇ ਵਿਅਰਥ ਐਧਰ ਓਧਰ ਸੈਰ-ਸਪਾਟੇ ਵਿਚ ਗੁਆ ਦੇਣੇ ਤੇ ਆਪਣੇ ਜਹਾਦ ਦੇ ਨਿਸ਼ਾਨੇ ਤੋਂ ਜਾਣ ਬੁਝ ਕੇ ਦੂਰ ਦੂਰ ਰਹਿਣਾ, ਬੜੇ ਠੋਸ ਤਰੀਕੇ ਨਾਲ ਸਾਬਤ ਕਰ ਦੇਂਦਾ ਹੈ ਕਿ ਅਹਿਮਦ ਸ਼ਾਹ ਜਿਹੜੀ ਤੜ੍ਹ ਮਾਰ ਕੇ ਆਇਆ ਸੀ ਕਿ ਇਸ ਵਾਰ ਸਿਖਾਂ ਦਾ ਸਤਿਆਨਾਸ ਕਰ ਕੇ ਹੀ ਮੁੜੂੰਗਾ, ਉਹ ਬੁਜ਼ਦਿਲਾਂ ਵਾਲੀ ਫੋਕੀ ਹੀ ਤੜ੍ਹ ਸੀ। ਜਹਾਦ ਹਰ ਮੁਸਲਮਾਨ ਉਤੇ ਮਜ਼੍ਹਬੀ ਫ਼ਰਜ਼ ਹੈ। ਅਹਿਮਦ ਸ਼ਾਹ ਖ਼ੁਦ ਜਹਾਦ ਦਾ ਨਾਅਰਾ ਦੇਣ ਵਾਲਾ ਹੈ, ਬਲਕਾਰੀ ਪਾਤਸ਼ਾਹ ਹੈ, ਵਿਜਈ ਜਰਨੈਲ ਹੈ। ਕਾਫ਼ੀ ਲਾਮ-ਲਸ਼ਕਰ ਹੈ, ਜੋ ਹੁਕਮ ਦੀ ਉਡੀਕ ਵਿਚ ਤਿਆਰ ਹੈ, ਸਾਥ ਨਸੀਰ ਖਾਂ ਵਰਗੇ ਜਨੂਨੀ ਤੇ ਜੁਸ਼ੀਲੇ ਸਰਦਾਰ ਆਪਣੀ ਫ਼ੌਜ ਸਮੇਤ ਨਾਲ ਹਨ, ਪਰ ਧਰਮ-ਰਖਿਅਕ ਪਾਤਸ਼ਾਹ ਸਿਖਾਂ ਵਿਰੁਧ ਜਹਾਦ ਦਾ ਨਾਅਰਾ ਲਾ ਕੇ ਚੜ੍ਹਨ ਵਾਲਾ, ਜਹਾਦ ਕਰਨ ਦੀ ਖੇਚਲ ਹੀ ਨਹੀਂ ਕਰਦਾ, ਸਗੋਂ ਏਸ ਪਾਸੇ ਵਲ ਮੂੰਹ ਤਕ ਨਹੀਂ ਕਰਦਾ। ਕੀ ਉਹ ਜਹਾਦ ਕਰਨ ਆਇਆ ਸੀ ਕਿ ਪੰਜਾਬ ਦੇ ਮੈਦਾਨਾਂ ਵਿਚ ਹਵਾ-ਖ਼ੋਰੀ ਕਰਨ ਆਇਆ ਸੀ?

ਇਹ ਸਾਰਾ ਲਾਮ-ਲਸ਼ਕਰ ਤੇ ਜਮਜਮਾ ਸਿਖਾਂ ਨੂੰ ਮਿਟਾਉਣ ਹੀ ਆਇਆ ਹੈ। ਅਹਿਮਦ ਸ਼ਾਹ ਇਕ ਮੁਤਲਕ-ਅਲਅਨਾਨ* ਪਾਤਸ਼ਾਹ ਹੈ। ਉਸ ਦੇ ਹੁਕਮ ਅਗੇ ਕੋਈ ਚੂੰ ਨਹੀਂ ਕਰ ਸਕਦਾ। ਫਿਰ ਉਹ ਜਣੇ ਖਣੇ ਤੋਂ ਪੁਛਦਾ ਹੈ ਕਿ ਆਪਾਂ ਐਥੋਂ ਕਿਹੜਾ ਰਾਹ ਪਈਏ। ਦਿਲੀ ਪਾਸ ਜਾ ਕੇ ਪੁਛਦਾ ਹੈ ਕਿ ਅਗਾਂਹ ਚਲੀਏ ਕਿ ਪਿਛਾਂਹ ਮੁੜੀਏ। ਕੁਪ ਰਹੀੜੇ ਸਿਖਾਂ ਉਤੇ ਪੈਣ ਵੇਲੇ ਤਾਂ ਨਹੀਂ ਕਿਸੇ ਤੋਂ ਪੁਛਿਆ ਕਿ ਕਿਹੜੇ ਰਾਹ ਚਲੀਏ, ਹੱਲਾ ਅੱਜ ਕਰੀਏ ਜਾਂ ਕਲ ਨੂੰ ਕਰੀਏ, ਕਿਸੇ ਸਰਦਾਰ ਦੀ ਸਲਾਹ ਨਹੀਂ ਪੁਛੀ। ਕੁੰਜ ਪੁਰੇ ਜਾ ਕੇ ਸਰਦਾਰ ਇਕੱਠੇ ਕਰ ਕੇ ਅਗਾਂਹ ਜਾਣ ਦੀ ਜਾਂ ਦੇਸ ਨੂੰ ਜਾਣ ਦੀ ਸਲਾਹ ਪੁਛਦਾ ਹੈ। ਜਦ ਨਸੀਰ

*ਨਿਰੰਕੁਸ਼ ਪਾਤਸ਼ਾਹ, ਜਿਸ ਤੇ ਕਿਸੇ ਦਾ ਕੁੰਡਾ ਨਾ ਹੋਵੇ, ਭਾਵ ਖ਼ੁਦ ਮੁਖਤਾਰ।



www.AKJ.Org

ਖਾਨ ਕਹਿੰਦਾ ਹੈ ਕਿ ਦਿਲੀ ਬਰਸਾਤ ਦੇ ਚਾਰ ਮਹੀਨੇ ਕਟੀਏ ਤੇ ਤਕੜੀ ਫੌਜ ਖੜੀ ਕਰ ਕੇ ਸਿਖਾਂ ਨੂੰ ਮਾਰ ਮੁਕਾਈਏ। ਅਬਦਾਲੀ ਏਸੇ ਮਨੋਰਥ ਲਈ ਆਇਆ ਹੈ, ਪਰ ਏਸ ਪਾਸੇ ਧਿਆਨ ਹੀ ਨਹੀਂ ਕਰਦਾ। ਜਦ ਦੂਜੇ ਸਰਦਾਰਾਂ ਤੋਂ ਦੇਸ ਮੁੜਨ ਦੀ ਸਲਾਹ ਸੁਣਦਾ ਹੈ, ਜੋ ਕਿ ਉਸ ਦਾ ਆਪਣਾ ਹੀ ਮਨਸ਼ਾ ਸੀ, ਸਰਦਾਰਾਂ ਦਾ ਤਾਂ ਨਾਂ ਹੀ ਸੀ, ਝਟ ਪਿਛਾਂਹ ਨੂੰ ਮੁੜ ਚਲਣ ਦੀ ਸਲਾਹ ਪਰਵਾਨ ਕਰ ਕੇ, ਇਸ ਨੂੰ ਸਾਰਿਆਂ ਨਾਲੋਂ ਚੰਗੀ ਸਲਾਹ ਦਰਸਾ ਕੇ ਦੇਸ ਪਰਤਣ ਦਾ ਫੈਸਲਾ ਕਰ ਦੇਂਦਾ ਹੈ। ਇਹੋ ਹੀ ਉਹ ਆਪ ਚਾਹੁੰਦਾ ਸੀ। ਕਿਉਂ? ਘਲੂਘਾਰੇ ਤੇ ਫਿਰ ਉਸ ਤੋਂ 8 ਮਹੀਨੇ ਪਿਛੋਂ ਦੀਵਾਲੀ ਵਾਲੇ ਦਿਨ ਦੀ ਹਾਰ ਨੇ, ਜਿਸ ਵਿਚ ਉਹ ਬੜੀ ਮੁਸ਼ਕਲ ਨਾਲ ਜਾਨ ਬਚਾ ਕੇ ਲਾਹੌਰ ਅੱਪੜਿਆ ਸੀ, ਨੇ ਅਹਿਮਦ ਸ਼ਾਹ ਨੂੰ ਹਿਲਾ ਕੇ ਰਖ ਦਿਤਾ ਸੀ। ਨਿਰਸੰਦੇਹ ਉਹ ਸਿਖਾਂ ਦੀ ਅਜਿੱਤ ਸ਼ਕਤੀ ਤੇ ਸਿਰੜ ਤੋਂ ਭੈ-ਭੀਤ ਹੈ। ਸਿਖਾਂ ਨੂੰ ਪਿਛਲੇ ਪਾਸੇ ਕਰਕੇ ਦਿਲੀ ਨੂੰ ਜਾਣਾ ਉਹ ਮੌਤ ਦੇ ਮੂੰਹ ਵਿਚ ਜਾਣਾ ਸਮਝਦਾ ਹੈ। ਸਿਖਾਂ ਦੇ ਡਰ ਦਾ ਇਕ ਹੋਰ ਸਬੂਤ ਲਓ।

ਕਾਜ਼ੀ ਜੀ ਭਾਵੇਂ ਪੂਰਾ ਟਿੱਲ ਲਾ ਕੇ ਕਵੀਆਂ ਵਾਲੇ ਜੌਹਰ ਵਿਖਾ ਕੇ ਦੁਰਾਨੀ ਤੇ ਬਲੋਚ ਲਸ਼ਕਰ ਤੇ ਉਸ ਦੇ ਸਰਦਾਰਾਂ ਦੇ ਦਰਕੀ ਜਾਣ ਨੂੰ ਭਾਵੇਂ ਰੰਗ ਦੇ ਕੇ ਕਿਸੇ ਹੋਰ ਸ਼ਕਲ ਵਿਚ ਪੇਸ਼ ਕਰਨ ਦੇ ਯਤਨ ਕਰਦੇ ਹਨ, ਪਰ ਸੱਚ ਸੱਚ ਹੁੰਦਾ ਹੈ, ਸੌ ਪੜਦਾ ਪਾੜ ਕੇ ਵੀ ਬਾਹਰ ਆ ਜਾਂਦਾ ਹੈ। ਨਸੀਰ ਖਾਨ ਦਾ ਸਲਾਹ-ਮਸ਼ਵਰਾ ਅਹਿਮਦ ਸ਼ਾਹ ਦੀ ਤਾਕਤ ਦਾ ਪਰਦਾ ਲੀਰੋ ਲੀਰ ਕਰ ਦੇਂਦਾ ਹੈ। ਨਸੀਰ ਖਾਨ ਅਹਿਮਦ ਸ਼ਾਹ ਦੀ ਤਾਕਤ ਨੂੰ ਵੀ ਸਮਝਦਾ ਹੈ ਤੇ ਸਿਖਾਂ ਦੀ ਤਾਕਤ ਤੋਂ ਵੀ ਹੁਣ ਤਕ ਜਾਣੂੰ ਹੋ ਚੁਕਿਆ ਹੈ। ਉਹ ਸਿਖਾਂ ਨਾਲ ਲੜਨ ਲਈ ਸਲਾਹ ਤੇ ਪ੍ਰੇਰਨਾ ਦੇਂਦਾ ਹੈ ਤੇ ਨਾਲ ਹੀ ਸੁਝਾਉ ਦੇਂਦਾ ਹੈ ਕਿ ਦਿਲੀ ਦੀ ਫੌਜ, ਸ਼ੁਜਾਹ ਦੀ ਫ਼ੌਜ, ਮਰਹਟੇ ਤੇ ਜਾਟ ਨਾਲ ਮਿਲਾ ਲਏ ਜਾਣ ਤੇ ਚੁਮਾਸੇ ਤੋਂ ਪਿਛੋਂ ਇਨ੍ਹਾਂ ਤੇ ਦੁਰਾਨੀ ਲਸ਼ਕਰ ਦੇ ਸੁਮੇਲ ਦੀ ਸ਼ਕਤੀ ਨਾਲ ਸਿਖਾਂ ਦੀ ਅਲਖ ਮੁਕਾ ਦਿਤੀ ਜਾਏ। ਨਸੀਰ ਖਾਨ ਆਪਣੀ ਰਾਏ ਨੂੰ ਸੁਲੇਮਾਨੀ ਸਿਆਣਪ ਭਰਪੂਰ ਦਰਸਾਉਂਦਾ ਹੋਇਆ ਕਹਿੰਦਾ ਹੈ ਕਿ ਹਰ ਜੂਹ ਦੇ ਸਹੇ ਨੂੰ ਓਸ ਜੂਹ ਦਾ ਜੰਮਿਆ ਪਲਿਆ ਕੁੱਤਾ ਹੀ ਫੜ ਸਕਦੈ। ਉਸ ਨੂੰ ਇਹ ਨਹੀਂ ਪਤਾ ਕਿ ਇਸ ਜੂਹ ਦੇ ਕੁੱਤੇ ਸ਼ਾਇਦ ਸਹਿਆਂ ਨੂੰ ਤਾਂ ਭਾਵੇਂ ਫੜ ਲੈਣ, ਪਰ ਉਸ ਜੂਹ ਦੇ ਜੰਮੇ ਪਲੇ ਸ਼ੇਰਾਂ ਦੇ ਕਿਵੇਂ ਮੂੰਹ ਆਉਣਗੇ। ਨਜੀਬ ਅਹਿਮਦ ਸ਼ਾਹ ਦੀ ਵੱਡੀ ਟੇਕ ਹੈ, ਪਰ ਸਿੰਘਾਂ ਨੇ ਉਸ ਨੂੰ ਦਿਲੀ ਵਿਚ ਘੇਰ ਕੇ, ਉਸ ਦੇ ਆਪਣੇ ਇਲਾਕੇ ਦਾ ਮਲੀਦਾ ਬਣਾ ਸੁਟਿਆ ਹੈ। ਜਾਟ ਖਾਲਸਾ ਜੀ ਦੇ ਬਲ-ਬੋਤੇ ਤੇ ਹੀ ਨਜੀਬ ਦੇ ਗਲ ਪੈਣ ਦਾ ਤੇ ਉਸ ਨੂੰ ਘੇਰਨ ਦਾ ਹੀਆ ਕਰ ਸਕੇ ਹਨ। ਰਹੀ ਗੱਲ ਮਰਹੱਟਿਆਂ ਦੀ। ਇਨ੍ਹਾਂ ਨੂੰ ਉਸ ਅਹਿਮਦ ਸ਼ਾਹ ਦੇ ਨਾਂ ਤੋਂ ਹੀ ਕੰਬਣੀਆਂ ਆਉਂਦੀਆਂ ਸਨ ਜਿਸ ਅਹਿਮਦ ਸ਼ਾਹ ਨੂੰ ਖਾਲਸਾ ਜੀ ਟਿੱਚ ਸਮਝਦੇ ਸਨ। ਇਨ੍ਹਾਂ ਨੇ ਸਿੰਘਾਂ ਦੀ ਕੀ ਝਾਲ ਝਲਣੀ ਸੀ? ਸਿੰਘਾਂ ਨੂੰ ਮਾਰ ਖਪਾਉਣ ਆਏ ਕਿਡੇ ਕਮਜ਼ੋਰ ਪ੍ਰਬੰਧ ਕਰ ਰਹੇ ਹਨ? ਨਸੀਰ ਖਾਨ ਨੂੰ ਸ਼ਾਇਦ ਪਤਾ ਹੀ ਹੋਵੇ ਕਿ ਬਟੇਰੇ ਫੜਨ ਵਾਲਿਆਂ ਜਾਲਾਂ ਨਾਲ ਸ਼ੇਰ ਨਹੀਂ ਕਾਬੂ ਆਉਂਦੇ। ਜਿਹੜੇ ਸਿਖਾਂ ਦਾ ਕੋਈ ਘਰ ਘਾਟ ਨਹੀਂ, ਉਹ ਇਨ੍ਹਾਂ ਨੂੰ ਕਿਉਂ ਐਡੀ ਵੱਡੀ ਸ਼ਕਤੀ ਨਜ਼ਰ ਆ ਰਹੇ ਹਨ?

ਅਹਿਮਦ ਸ਼ਾਹ ਨੂੰ ਇਸ ਸਚਾਈ ਦਾ ਪੂਰੀ ਤਰ੍ਹਾਂ ਇਹਸਾਸ ਹੋ ਚੁਕਿਆ ਹੈ ਕਿ ਉਹ ਇਕੱਲਾ ਸਿਖਾਂ ਨਾਲ ਟੱਕਰ ਨਹੀਂ ਲੈ ਸਕਦਾ। ਇਹ ਠੀਕ ਹੈ ਕਿ ਰੁਹੇਲੇ, ਜਾਟ, ਮਰਹੱਟੇ ਸਾਰੇ ਉਸ ਦੇ ਹੁਕਮ ਤਹਿਤ ਸਿਖਾਂ ਵਿਰੁਧ ਉਸ ਦਾ ਪੂਰਾ ਪੂਰਾ ਸਾਥ ਦੇਣਗੇ, ਪਰ ਏਨੀ ਸ਼ਕਤੀ ਨਾਲ ਉਹ ਸਿਖਾਂ ਨੂੰ ਦਰੜ ਦੇਵੇਗਾ, ਉਸ ਨੂੰ ਯਕੀਨ ਨਹੀਂ ਆ ਰਿਹਾ। ਭਾਵੇਂ ਏਨੀ ਕੁ ਤਾਕਤ ਨਾਲ ਤਿੰਨ ਕੁ ਸਾਲ ਪਹਿਲਾਂ ਮਰਹੱਟਿਆਂ ਨੂੰ ਮਿੱਟੀ ਵਿਚ ਮਿਲਾ ਗਿਆ ਸੀ। ਉਹ ਰੁਹੇਲਿਆਂ, ਜਾਟਾਂ, ਮਰਹੱਟਿਆਂ ਦੇ ਮੁਕਾਬਲੇ ਤੇ ਸਿਖਾਂ ਦੇ ਦਮ ਨੂੰ ਸਮਝਦਾ ਹੈ। ਨਸੀਰ ਖਾਨ ਦੀ ਇਹ ਚੰਗੀ ਸਲਾਹ ਤੇ ਵਿਉਂਤ, ਕਿ ਰੁਹੇਲੇ, ਜਾਟ ਤੇ ਮਰਹੱਟੇ ਸਿਖਾਂ ਵਿਰੁਧ ਨਾਲ ਲੈ ਲਈਏ, ਉਸ ਦਾ ਦਿਲੀ ਜਾ ਕੇ ਚਾਰ ਮਹੀਨੇ ਲਈ ਟਿਕਣ ਵਾਸਤੇ ਹੌਸਲਾ ਨਹੀਂ ਬੰਨ੍ਹਾ ਸਕੀ। ਉਹ ਇਸ ਵਿਉਂਤ ਵਿਚ ਕੋਈ ਬੜਾ ਖ਼ਤਰਾ ਸਮਝਦਾ ਹੈ ਤੇ ਦੇਸ ਨੂੰ ਪਰਤ ਜਾਣ ਵਿਚ ਹੀ ਭਲਾ ਸਮਝਦਾ ਹੈ।

ਜਿਨ੍ਹਾਂ ਸਿਖਾਂ ਤੋਂ ਉਹ ਐਨਾ ਭੈ-ਭੀਤ ਹੈ, ਇਕ ਝਾਤ ਜ਼ਰਾ ਉਨ੍ਹਾਂ ਉਤੇ ਵੀ ਮਾਰ ਲਈ ਜਾਵੇ। ਸਿਖਾਂ ਦੀ ਕੋਈ ਬਝਵੀਂ ਤਾਕਤ ਨਹੀਂ। ਇਨ੍ਹਾਂ ਪਾਸ ਕੋਈ ਤਕੜਾ ਕਿਲ੍ਹਾ ਵੀ ਨਹੀਂ, ਜਾਂ ਛੋਟੇ ਮੋਟੇ ਕਿਲ੍ਹੇ



www.AKJ.Org

ਵੀ ਨਹੀਂ, ਕੋਈ ਤੋਪਖ਼ਾਨਾ, ਕੋਈ ਬਾਰੂਦ ਸਿੱਕਾ ਬਣਾਉਣ ਵਾਲਾ ਕਾਰਖਾਨਾ, ਕੋਈ ਪੱਕੀ ਆਮਦਨ ਦਾ ਸਾਧਨ ਨਹੀਂ, ਕੋਈ ਈਨ ਦੀ ਫੌਜ ਨਹੀਂ, ਕੋਈ ਸੰਗੀ ਸਾਥੀ ਨਹੀਂ ਜੋ ਆੜੇ ਆ ਸਕੇ, ਫਿਰ ਏਸ਼ੀਆ ਦਾ ਆਪਣੇ ਸਮੇਂ ਦਾ ਸਭ ਤੋਂ ਵੱਡਾ ਜਰਨੈਲ ਤੇ ਪਾਨੀਪਤ ਦਾ ਬਿਜਈ ਸਿਖਾਂ ਪਾਸੋਂ ਏਨਾ ਕਿਉਂ ਤ੍ਰਹਿੰਦਾ ਤੇ ਡਰਦਾ ਹੈ ਕਿ ਉਹ ਪਹਿਲਾਂ ਵਾਂਗ ਅੱਗੇ ਵਧ ਕੇ ਉਨ੍ਹਾਂ ਉਤੇ ਹੱਲਾ ਕਰਨ ਦਾ ਹੌਸਲਾ ਹੀ ਨਹੀਂ ਕਰਦਾ। ਜਿਹੜਾ ਤਿੰਨ ਕੁ ਸਾਲ ਪਹਿਲਾਂ (5 ਫਰਵਰੀ 1762 ਨੂੰ) ਲਾਹੌਰੋਂ ਚੜ੍ਹ ਕੇ ਤੂਫਾਨ ਦੀ ਰਫਤਾਰ ਨਾਲ ਕੁਪ-ਰਹੀੜੇ ਸਿਖਾਂ ਦੇ ਸਿਰ ਉਤੇ ਆਣ ਪਿਆ ਸੀ, ਉਹ ਅਹਿਮਦ ਸ਼ਾਹ ਹੁਣ ਸਿਖਾਂ ਦੇ ਛੋਟੇ ਜਿਹੇ ਜਥੇ ਨੂੰ ਵੇਖ ਕੇ ਐਸੇ ਗਡਵੇਂ ਪੈਂਤੜੇ ਲੈਂਦਾ ਹੈ ਕਿ ਹਿਲਦਾ ਤਕ ਨਹੀਂ। ਅੱਗੇ ਵਧ ਕੇ ਸਿਖਾਂ ਨੂੰ ਮਾਰ ਮੁਕਾਉਣ ਦੀ ਬਜਾਏ; (ਜਿਸ ਮਜ਼ਹਬੀ ਫ਼ਰੀਜ਼ੇ ਹੇਤ ਉਹ ਆਇਆ ਹੈ) ਉਹ ਸਿਖਾਂ ਹੱਥੋਂ ਬਚ ਨਿਕਲਣ ਦਿਆਂ ਜਤਨਾਂ ਨੂੰ ਹੀ "ਜਹਾਦ" ਸਮਝਦਾ ਹੈ। ਕੀ ਜਵਾਬ ਦੇਂਦੇ ਹਨ ਪਖਪਾਤੀ ਤੇ ਅਹਿਮਦ ਸ਼ਾਹ ਦੀ ਅਜਿੱਤ ਸ਼ਕਤੀ ਦੇ ਉਪਾਸ਼ਕ ਇਤਿਹਾਸਕਾਰ?

ਖਾਲਸਾ ਜੀ ਨਾਲ ਟਕਰਾ ਕੇ ਅਹਿਮਦ ਸ਼ਾਹ ਸਮਝਣ ਲੱਗ ਪਿਆ ਹੈ ਕਿ ਸਿਖ ਲਹੂ ਮਾਸ ਦੇ ਨਹੀਂ ਬਣੇ, ਸਗੋਂ ਫ਼ੌਲਾਦ ਦੇ ਬਣੇ ਹਨ, ਤੇ ਕਿਸੇ ਹੋਰ ਹੀ ਤਬਕ ਚੋਂ ਉੱਤਰ ਕੇ ਆਏ ਹਨ, ਜਿਨ੍ਹਾਂ ਉਤੇ ਤੀਰ ਤਲਵਾਰ ਜਾਂ ਬੰਦੂਕਾਂ ਕੋਈ ਅਸਰ ਨਹੀਂ ਕਰਦੀਆਂ। ਇਹ ਸੱਟਾਂ ਤੇ ਚੋਟਾਂ ਖਾ ਕੇ ਸਗੋਂ ਦੂਣੇ ਚੌਣੇ ਹੋ ਹੋ ਭਬਕਦੇ ਹਨ। ਕੁਪ ਰਹੀੜੇ ਵਿਖੇ ਸਿਖਾਂ ਉਤੇ ਆਪਣੇ ਵਲੋਂ ਅੜੀ ਕਰੜੀ ਚੋਟ ਮਾਰ ਕੇ ਅਹਿਮਦ ਸ਼ਾਹ ਸਮਝਦਾ ਸੀ ਕਿ ਮਰਹੱਟਿਆਂ ਵਾਂਗ ਸਿਖ ਵੀ ਸਾਲਾਂ ਬਧੀ ਸੁਰਤ ਨਹੀਂ ਫੜਨਗੇ ਤੇ ਕਦੀ ਵੀ ਸਿਰ ਨਹੀਂ ਚੁਕਣਗੇ, ਪਰ ਖਾਲਸਾ ਜੀ ਨੇ ਜ਼ਖਮੀ ਸ਼ੇਰ ਵਾਂਗ ਜ਼ਖਮ ਚਟੇ ਤੇ ਥੋੜੇ ਸਮੇਂ ਵਿਚ ਹੀ ਸੰਭਲ ਕੇ ਏਸੇ ਸਾਲ ਦੀ ਆਉਂਦੀ ਦੀਵਾਲੀ ਨੂੰ ਸ੍ਰੀ ਅੰਮ੍ਰਿਤਸਰ ਵਿਖੇ ਅਹਿਮਦ ਸ਼ਾਹ ਅਬਦਾਲੀ ਨੂੰ ਉਹ ਸਬਕ ਸਿਖਾਇਆ ਕਿ ਫਿਰ ਜ਼ਿੰਦਗੀ ਭਰ ਉਸ ਨੂੰ ਹੌਸਲਾ ਨਹੀਂ ਪਿਆ ਕਿ ਬੇਖਟਕੇ ਸਿਖਾਂ ਦੇ ਇਲਾਕੇ ਵਿਚ ਫ਼ਿਰੇ ਤੇ ਨਿਧੜਕ ਹੋ ਕੇ ਉਨ੍ਹਾਂ ਦਾ ਟਾਕਰਾ ਕਰ ਸਕੇ। ਦੀਵਾਲੀ ਵਾਲੇ ਦਿਨ ਤੜਕੇ ਅਹਿਮਦ ਸ਼ਾਹ ਦੇ ਹੱਲੇ ਨਾਲ ਲੜਾਈ ਸ਼ੁਰੂ ਹੋਈ। ਸਾਰਾ ਦਿਨ ਲੋਹੇ ਨਾਲ ਲੋਹਾ ਖੜਕਦਾ ਰਿਹਾ। ਸਿੰਘਾਂ ਨੇ ਦੁਰਾਨੀਆਂ ਨੂੰ ਘਰਕਾ ਘਰਕਾ ਕੇ ਉਨ੍ਹਾਂ ਦਾ ਦਮ ਤੋੜ ਦਿਤਾ। ਸੰਝ ਹੋਣ ਤੋਂ ਪਹਿਲਾਂ ਦੁਰਾਨੀ ਲਸ਼ਕਰ ਦੇ ਪੈਰ ਉਖੜ ਗਏ ਤੇ ਸਿੰਘਾਂ ਨੇ ਤੇਗਾਂ ਅਗੇ ਲਾ ਕੇ ਲਾਹੌਰ ਦੀਆਂ ਕੰਧਾਂ ਤਕ ਦੁਰਾਨੀਆਂ ਦੀ ਗਭੇ ਵਾਢ ਕੀਤੀ ਸੀ। ਇਸ ਲੜਾਈ ਵਿਚ ਅਬਦਾਲੀ ਦੇ ਲਸ਼ਕਰ ਦਾ ਤਕੜਾ ਹਿਸਾ ਪੰਜਾਬ ਦੀ ਧਰਤੀ ਉਤੇ ਹਮੇਸ਼ਾ ਦੀ ਨੀਂਦ ਸੌਂ ਗਿਆ ਤੇ ਏਥੋਂ ਦੀ ਖਾਕ ਵਿਚ ਰਲ ਗਿਆ।

ਇਹ ਸੀ ਸਿਖਾਂ ਦਾ ਡਰ, ਜੋ ਉਸ ਨੂੰ ਮਹੀਨਾ ਭਰ ਐਮਨਾਬਾਦ ਬਿਠਾਈ ਰਖਦਾ ਹੈ। ਜਿਸ ਕਰਕੇ ਲਾਹੌਰੋਂ ਸ੍ਰੀ ਅੰਮ੍ਰਿਤਸਰ ਚਾਰ ਦਿਨਾਂ ਵਿਚ ਤੇ ਲਾਹੌਰੋਂ ਵਟਾਲੇ ੧੫ ਦਿਨਾਂ ਵਿਚ ਅਪੜਦਾ ਹੈ। ਫਿਰ ਪੰਜੌਰ ਵਲ ਹੋ ਤੁਰਦਾ ਹੈ। ਏਥੇ ਏਸੇ ਡਰ ਨੇ ਉਸ ਨੂੰ ਡਾਂਵਾਂ-ਡੋਲ ਕਰ ਦਿਤਾ ਸੀ। ਉਹ ਦੋ ਮਹੀਨੇ ਅਜਾਈਂ ਗੁਆ ਦੇਂਦਾ ਹੈ। ਫਿਰ ਅੱਗੇ ਦਿਲੀ ਵਲ ਜਾਣ ਦੀ ਬਜਾਏ ਦੇਸ ਨੂੰ ਪਰਤਣ ਵਿਚ ਹੀ ਭਲਾ ਸਮਝਦਾ ਹੈ।

ਜਿਸ ਇਤਿਹਾਸਕ ਸੱਚਾਈ ਨੂੰ ਮੰਨਣ ਤੋਂ ਫ਼ਾਰੈਸਟਰ ਸਾਹਿਬ, ਸਰ ਜਾਦੂ ਨਾਥ ਸਰਕਾਰ, ਲਤੀਫ਼, ਸਰ ਗੋਕਲ ਚੰਦ ਨਾਰੰਗ ਪਖਪਾਤ ਹਥੋਂ ਮੰਨਣ ਤੋਂ ਸੰਕੋਚ ਕਰਦੇ ਹਨ, ਉਸ ਨੂੰ ਕਾਜ਼ੀ ਨੂਰ ਮੁਹੰਮਦ ਜੀ ਆਪਣੇ ਜੰਗਨਾਮੇ ਵਿਚ ਚਿਟੇ ਦਿਨ ਵਾਂਗ ਰੋਸ਼ਨ ਕਰ ਦੇਂਦੇ ਹਨ, ਜਿਸ ਤੋਂ ਭਲੀ ਭਾਂਤ ਅੰਦਾਜ਼ਾ ਲੱਗ ਸਕਦੈ ਕਿ ਸਿਖਾਂ ਨੂੰ ਮਾਰ ਮੁਕਾਉਣ ਆਇਆ ਅਹਿਮਦ ਸ਼ਾਹ ਕਿਵੇਂ ਸਿਖਾਂ ਤੋਂ ਡਰਦਾ ਫਿਰਦਾ ਹੈ ਤੇ ਆਨੀਂ-ਬਹਾਨੀਂ ਵਾਪਸ ਜਾਣ ਦੀ ਸਲਾਹ ਹੀ ਕਰਦਾ ਹੈ।

ਨਸੀਰ ਖਾਨ, ਅਹਿਮਦ ਸ਼ਾਹ ਅਬਦਾਲੀ ਤੇ ਦੂਜੇ ਦੁਰਾਨੀ ਸਰਦਾਰ ਇਹ ਸਲਾਹ ਪੱਕੀ ਕਰ ਕੇ ਕੁੰਜਪੁਰੇ ਤੋਂ ਵਾਪਸ ਪਰਤਦੇ ਹਨ ਕਿ ਇਹ ਗਰਮੀ ਦੇ ਚਾਰ ਮਹੀਨੇ ਕਾਬਲ ਕੰਧਾਰ ਵਿਚ ਕੱਟ ਕੇ ਸਰਦੀਆਂ ਉਤਰਦੇ ਸਾਰ ਹੀ "ਸਿਖਾਂ ਦੇ ਸਿਰ ਧੜ ਨਾਲੋਂ ਅੱਡ ਕਰਨ ਲਈ" ਆਵਾਂਗੇ। ਫਿਰ ਛੇਤੀ ਆਇਆ ਵੀ ਕੋਈ ਨਾ। ਇਨ੍ਹਾਂ ਹਾਲਾਤ ਦੇ ਤਹਿਤ ਦੋਹਾਂ ਧਿਰਾਂ ਦੀ ਤਾਕਤ ਦਾ ਅੰਦਾਜ਼ਾ ਲਾਉਣਾ ਔਖਾ ਨਹੀਂ। ਸਵਰਨ ਸਿੰਘ]

(ਚਲਦਾ)


www.AKJ.org

# ਨਕਲੀ ਨਿਰੰਕਾਰੀ ਦਾ ਕਤਲ ਤੇ ਜ਼ਹਾਂਗੀਰੀ ਇਨਸਾਫ਼

[ਵਲੋਂ—ਸ: ਸ਼ਮਸ਼ੇਰ ਸਿੰਘ ਜੀ ਅਸ਼ੋਕ]

ਹਿੰਦੁਸਤਾਨ ਦੇ ਇਤਿਹਾਸ ਵਿਚ ਅਦਲਿ ਜਹਾਂਗੀਰੀ ਆਮ ਮਸ਼ਹੂਰ ਹੈ ਤੇ ਲਿਖਿਆ ਹੈ ਕਿ ਮੁਗਲ ਬਾਦਸ਼ਾਹ ਜਹਾਂਗੀਰ ਨੇ ਦਿੱਲੀ ਦੇ ਲਾਲ ਕਿਲ੍ਹੇ ਵਿਚ ਦੀਵਾਨਿ ਆਮ ਦੇ ਪਿਛਵਾੜੇ ਦਰਿਆ ਜਮਨਾ ਵਲ ਸੋਨੇ ਦੀ ਜ਼ੰਜੀਰ ਵਲ ਕੇ ਇਕ ਘੰਟੀ ਇਨਸਾਫ ਦੇ ਨਾਂ ਤੇ ਲਗਵਾ ਛੱਡੀ ਸੀ, ਤਾਂ ਕਿ ਜੇ ਕੋਈ ਮੁਸੀਬਤ ਵਿਚ ਫਸਿਆ ਰਿਆਯਾ ਦਾ ਆਦਮੀ ਇਨਸਾਫ ਲੈਣ ਚਾਹੇ ਤਾਂ ਉਹ ਜ਼ੰਜੀਰ ਖਿੱਚ ਕੇ ਘੰਟੀ ਵੱਜਣ ਤੇ ਬਾਦਸਾਹ ਵਲੋਂ ਤੁਰਤ ਹੀ ਇਨਸਾਫ ਲੈ ਸਕੇ । ਸੋ ਇਹੋ ਗੱਲ ਜੁਲਾਈ ਵਿਚ ਨਕਲੀ ਨਿਰੰਕਾਰੀਆਂ ਦੇ ਸਤਾਏ ਹੋਏ ਸਿਖਾਂ ਨੇ ਭਾਰਤ ਦੀ ਰਾਜਧਾਨੀ ਦਿੱਲੀ ਵਿਚ ਪ੍ਰੋਟੈਸਟ ਵਜੋਂ ਇਕ ਬੜਾ ਭਾਰੀ ਜਲੂਸ ਕਢ ਕੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਕੋਠੀ ਅੱਗੇ ਇਸੇ ਜਹਾਂਗੀਰੀ ਇਨਸਾਫ ਦੇ ਤਕਾਜ਼ੇ ਲਈ ਕੀਤੀ ਸੀ, ਤਾਂ ਕਿ ਨਕਲੀ ਨਿਰੰਕਾਰੀ ਬਾਬਾ ਗੁਰਬਚਨ ਸਿੰਘ ਦੇ ਕਤਲ ਦੇ ਬਹਾਨੇ, ਜੋ ਉਸ ਦੀ ਸੰਪ੍ਰਦਾਇ ਦਾ ਆਪਣਾ ਹੀ ਅੰਦਰੂਨੀ ਝਗੜਾ ਹੈ, ਭੋਲੇ ਭਾਲੇ ਸਿੱਖ ਨੌਜਵਾਨਾਂ ਨਾਲ ਹੋ ਰਹੇ ਪੜਤਾਲੀਆ ਪੁਲਿਸ ਸੀ. ਬੀ. ਆਈ. ਦੇ ਧੱਕੇ ਨੂੰ ਰੋਕਿਆ ਜਾਵੇ । ਸਮੁੱਚੇ ਸਿਖ ਪੰਥ ਦੀ ਇਹ ਇਕ ਆਈਨੀ ਮੰਗ ਹੈ ਕਿ ਜਦ ਉਹ ਭਾਰਤ ਸਰਕਾਰ ਦੇ ਵਫ਼ਾਦਾਰ ਸ਼ਹਿਰੀ ਹਨ ਤਾਂ ਉਨ੍ਹਾਂ ਨੂੰ ਨਕਲੀ ਨਿਰੰਕਾਰੀਆਂ ਜਿਹੀ ਇਕ ਆਪ-ਹੁਦਰੀ ਫਿਰਕੇਦਾਰੀ ਦਾ ਸ਼ਿਕਾਰ ਕਿਉਂ ਬਣਾਇਆ ਜਾ ਰਿਹਾ ਹੈ । ਸਰਬੱਤ ਖਾਲਸੇ ਦੀ ਜਹਾਂਗੀਰੀ ਇਨਸਾਫ ਦੇ ਨਾਂ ਤੇ ਇਹ ਇਕ ਮੁਨਾਸਬ ਪੁਕਾਰ ਹੈ ਜਿਸ ਨੂੰ ਕਿਸੇ ਵੀ ਪੱਖ ਤੋਂ ਕਦਾਚਿਤ ਝੁਠਲਾਇਆ ਨਹੀਂ ਜਾ ਸਕਦਾ ।

ਹਰੇਕ ਸਰਕਾਰ, ਜੇ ਉਹ ਫਰਜ਼-ਸ਼ਨਾਸੀ ਤੋਂ ਕੰਮ ਲਵੇ ਤਾਂ, ਧਰਮ ਤੇ ਪਰਜਾ ਦੋਹਾਂ ਦੀ ਅੰਗ-ਰਖਿਅਕ ਹੁੰਦੀ ਹੈ । ਇਸ ਫ਼ਰਜ਼ ਦੇ ਨਿਭਾਉਣ ਲਈ ਸਭ ਤੋਂ ਵੱਡਾ ਤੇ ਮੁੱਢਲਾ ਅਸੂਲ ਇਹੋ ਹੁੰਦਾ ਹੈ ਕਿ ਹਰ ਇਕ ਧਰਮ,ਕੌਮੀਅਤ ਤੇ ਪਰਜਾ ਦੀ ਕਿਸੇ ਵੀ ਇਕਾਈ ਬਾਰੇ ਕਿਸੇ ਪ੍ਰਕਾਰ ਦੀ ਨਫ਼ਰਤ ਲੋਕਾਂ ਵਿਚ ਨਾ ਫੈਲਣ ਦਿਤੀ ਜਾਵੇ ਜਾਂ ਫੈਲਾਈ ਨਾ ਜਾਵੇ । ਇਸ ਅਸੂਲ ਦੇ ਬਾਵਜੂਦ ਦਿੱਲੀ ਦੇ ਨਕਲੀ ਨਿਰੰਕਾਰੀ ਜਾਂ ਸੰਤ ਨਿਰੰਕਾਰੀ ਜਿਨ੍ਹਾਂ ਦੇ ਪ੍ਰਮੁਖ ਆਗੂ ਬਾਬਾ ਅਵਤਾਰ ਸਿੰਘ ਤੇ ਗੁਰਬਚਨ ਸਿੰਘ ਹੋਏ ਹਨ, ਉਪਰਲੇ ਦਿਲੋਂ ਲੋਕ-ਦਿਖਾਵੇ ਲਈ ਲਬਾਦਾ ਤਾਂ ਪਹਿਨੀ ਫਿਰਦੇ ਸਨ ਸਰਬ-ਪੱਖੀ ਕੌਮੀ ਏਕਤਾ ਤੇ ਲੋਕ-ਭਲਾਈ ਦਾ, ਪਰ ਅੰਦਰ-ਖ਼ਾਨਿਓਂ ਲੋਕ-ਭਲਾਈ ਦੇ ਪਰਦੇ ਹੇਠ ਨਿੰਦਾ ਕਰਦੇ ਸਨ ਹੋਰ ਮਜ਼ਹਬਾਂ ਤੇ ਸਮਾਜਿਕ ਸੰਸਥਾਵਾਂ ਦੀ । ਤੇ ਇਸ ਨਿੰਦਾ ਵਿਚ ਉਨ੍ਹਾਂ ਨੇ ਸਿੱਖ ਧਰਮ, ਸਿੱਖ ਗੁਰੂ ਸਾਹਿਬਾਨ, ਸਿੱਖ ਆਗੂ ਤੇ ਸਿੱਖ ਰਹਿਤ ਮਰਯਾਦਾ ਦੀ ਵੀ, ਜਿਵੇਂ ਕਿ ਉਨ੍ਹਾਂ ਦੀਆਂ ਦੋ ਨਖਿੱਧ ਪੁਸਤਕਾਂ 'ਅਵਤਾਰ ਬਾਣੀ' ਤੇ 'ਯੁਗ ਪੁਰਸ਼' ਤੋਂ ਪਤਾ ਲਗਦਾ ਹੈ, ਵਿਚ ਘੋਰ ਨਿੰਦਾ ਕੀਤੀ ਹੈ । ਇਸ ਲਈ ਕਹਿਣਾ ਪੈਂਦਾ ਹੈ ਕਿ ਸਾਡੀ ਸਰਕਾਰ ਨੇ ਇਸ ਬਾਰੇ ਅਜੇ ਤਕ ਕੋਈ ਐਕਸ਼ਨ ਨਹੀਂ ਲਿਆ ਅਤੇ ਨਾ ਹੀ ਇਨ੍ਹਾਂ ਨੂੰ ਇਸ ਕੁਟਿਲਤਾ ਤੋਂ ਵਰਜਿਆ ਹੈ । ਸਗੋਂ ਚੁੱਪ ਰਹਿ ਕੇ "ਖਾਮੋਸ਼ੀ ਨੀਮ ਰਜ਼ਾ" ਦੇ ਅਖਾਣ ਮੁਤਾਬਿਕ ਇਕ ਤਰੀਕੇ ਨਾਲ ਉਤਸ਼ਾਹ ਹੀ ਦਿਤਾ ਹੈ । ਨਿਰੰਕਾਰੀਆਂ ਵਿਚ ਇਸ ਗੁਰ-ਨਿੰਦਾ ਦੇ ਨਾਲ ਹੀ ਸ਼ਰਾਬ-ਨੋਸ਼ੀ ਸਮਾਜਿਕ ਪਾਟੋ-ਧਾੜ ਤੇ ਕਾਨੂੰਨ-ਸ਼ਿਕਨੀ ਦੇ ਨਾਲ ਹੀ ਵਾਮ-ਮਾਰਗੀਆਂ ਵਾਂਗੂ ਅੱਯਾਸ਼ੀ ਦੀ ਆਜ਼ਾਦੀ ਦੀ ਪੂਰੀ ਪੂਰੀ ਖੁਲ੍ਹ ਹੈ, ਇਸ ਦੇ ਬਾਵਜੂਦ ਆਪਣੇ ਆਪ ਨੂੰ ਐਲਾਨੀਆ ਜਨ-ਸਮਾਜ ਦੇ ਹਿਤੂ, ਲੋਕ ਰਾਜ ਦੇ ਹਾਮੀ, ਸ਼ੁਭਚਿੰਤਕ ਤੇ ਨੁਮਾਇੰਦੇ ਅਖਵਾਣ ਦਾ ਫਖਰ ਕਰਦੇ ਹਨ । ਕੋਈ ਪੁਛੇ ਕਿ ਫਿਰ ਜਾਤੀ ਨਫ਼ਰਤ ਤੇ ਨਿੰਦਾ ਕਿਸ ਜਾਨਵਰ ਦਾ ਨਾਂ ਹੈ, ਇਹ ਉਨ੍ਹਾਂ ਦੀ ਬਲਾ ਜਾਣੇ । ਇਸ ਲਈ ਸਾਡੇ ਸਿਆਸੀ ਤੇ ਧਾਰਮਿਕ ਆਗੂ, ਜਿਨ੍ਹਾਂ ਦਾ ਜੀਵਨ ਸਿਰਫ ਅਸੈਂਬਲੀ ਜਾਂ ਪਾਰਲੀਮਾਨੀ ਚੋਣਾਂ ਤਕ ਹੀ ਸੀਮਿਤ ਹੈ, ਅਜਿਹੇ ਖਤਰਨਾਕ ਕੌਮੀ ਵਿਰੋਧੀਆਂ ਨੂੰ ਇਸ ਕਰਕੇ ਹੱਥ ਨਹੀਂ ਪਾਉਂਦੇ ਕਿ ਉਨ੍ਹਾਂ ਦੀ ਮੈਂਬਰੀ ਦੀ ਮਿਆਦ ਮੁੱਕਣ ਸਾਰ ਅਗਲੀਆਂ ਚੋਣਾਂ ਹੋਣ ਤੇ ਕਿਤੇ ਉਨ੍ਹਾਂ ਦੀ ਚੌਧਰ ਹੀ ਖਤਮ ਨਾ ਹੋ ਜਾਵੇ । ਬਸ ਇਹੋ ਸਿਆਸੀ ਕੋੜ੍ਹ ਦੀ ਬੀਮਾਰੀ ਉਨ੍ਹਾਂ ਨੂੰ ਇਸ ਜਹਾਂਗੀਰੀ ਇਨਸਾਫ ਦੇ ਰਾਹ ਚਲਣੋਂ ਰੋਕਦੀ ਹੈ ।

'ਸੂਰਾ' ਅੰਮ੍ਰਿਤਸਰ, ਨਵੰਬਰ ੧੯੮੦/੩੩

www.AKJ.Org

ਨਕਲੀ ਨਿਰੰਕਾਰੀਆਂ ਦੇ ਮੁਖੀ ਗੁਰਬਚਨ ਸਿੰਘ ਨੇ ਨਾ ਸਿਰਫ ਸਿੱਖ ਧਰਮ ਸੰਬੰਧੀ "ਅਵਤਾਰ ਬਾਣੀ" ਤੇ "ਯੁਗ ਪੁਰਸ਼" ਕਿਤਾਬਾਂ ਰਾਹੀਂ ਸਿੱਖ ਧਰਮ ਦੇ ਮਖੌਲ ਉਡਾਏ ਹਨ, ਸਗੋਂ ਅਮਲੀ ਤੌਰ ਤੇ ਪੰਜਾਬ ਦੇ ਮਸ਼ਹੂਰ ਪਿੰਡਾਂ ਤੇ ਨਗਰਾਂ ਵਿਚ ਆਪਣੇ ਨਿਰੰਕਾਰੀ ਭਵਨ ਰਚ ਕੇ ਸਮੂਹਿਕ ਸੰਮੇਲਨਾਂ ਰਾਹੀਂ ਗੁਰਮਤਿ ਤੋਂ ਵਿਰੁਧ ਭੰਡੀ ਪ੍ਰਚਾਰ ਕਰਕੇ ਵੀ ਗੁਰਸਿਖਾਂ ਦੇ ਦਿਲਾਂ ਨੂੰ ਬੁਰੀ ਤਰ੍ਹਾਂ ਲੂਹਿਆ ਹੈ।

ਏਥੇ ਹੀ ਬਸ ਨਹੀਂ, ਸੰਨ ੧੯੭੮ ਵਿਚ ਗੁਰੂ ਕੀ ਨਗਰੀ ਅੰਮ੍ਰਿਤਸਰ ਦੇ ਸਥਾਨ ਪਰ ਵਿਸਾਖੀ ਸਮੇਂ ਬੜੀ ਸਾਜ਼ਿਸ਼ ਨਾਲ ੧੩ ਗੁਰਸਿਖਾਂ ਨੂੰ ਗੋਲੀਆਂ ਨਾਲ ਭੁੰਨਿਆ ਤੇ ਪਿਛੋਂ ਇਹੋ ਕਾਰਾ ਉੱਤਰ ਪ੍ਰਦੇਸ਼ ਦੇ ਪ੍ਰਸਿੱਧ ਨਗਰ ਕਾਨਪੁਰ ਵਿਚ ਵੀ ਇਕ ਦਰਜਨ ਦੇ ਕਰੀਬ ਸਿੱਖਾਂ ਨੂੰ ਗੋਲੀਆਂ ਨਾਲ ਸ਼ਹੀਦ ਕਰ ਕੇ ਦੁਹਰਾਇਆ। ਇਹ ਖੁਲ੍ਹੇ ਡੁਲ੍ਹੇ ਕਤਲੇਆਮ ਨਕਲੀ ਨਿਰੰਕਾਰੀਆਂ ਵਲੋਂ ਦਰਅਸਲ ਖਾਲਸਾ ਪੰਥ ਨੂੰ ਇਕ ਪ੍ਰਕਾਰ ਦਾ ਚੈਲੰਜ ਸੀ, ਪਰ ਸਿੱਖ ਉਨ੍ਹਾਂ ਦੀ ਇਸ ਵਾਰਨਿੰਗ ਦੇ ਬਾਵਜੂਦ ਵੀ ਚੁਪ ਹੀ ਰਹੇ ਤੇ ਉਨ੍ਹਾਂ ਨੇ ਕਦੇ ਕਾਨੂੰਨ-ਸ਼ਿਕਨੀ ਦਾ ਰਾਹ ਨਹੀਂ ਅਪਣਾਇਆ। ਸਿਖਾਂ ਦੀ ਇਸ ਸ਼ਾਂਤਮਈ ਦੇ ਹੁੰਦੇ ਸੁੰਦੇ ਵੀ ਸਰਕਾਰ ਇਸ ਸੰਬੰਧ ਵਿਚ ਇਨਸਾਫ ਵਲੋਂ ਹਮੇਸ਼ਾ ਅੱਖਾਂ ਹੀ ਮੀਚਦੀ ਰਹੀ ਤੇ ਸਿਖੀ ਵਿਰੁਧ ਪ੍ਰਾਪੇਗੰਡਾ ਕਰਦੇ ਇਨ੍ਹਾਂ ਅੱਖੜ-ਖਾਂਦ ਨਕਲੀ ਨਿਰੰਕਾਰੀਆਂ ਦੇ ਮੂੰਹ ਕਦੇ ਲਗਾਮ ਦੇਣ ਦਾ ਜਤਨ ਨਾ ਕੀਤਾ। ਨਤੀਜਾ ਇਸ ਅਣਗਹਿਲੀ ਦਾ ਇਹ ਹੋਇਆ ਕਿ ਥੋੜੇ ਚਿਰ ਪਿਛੋਂ ਹੀ ਅੰਮ੍ਰਿਤਸਰ ਦੇ ਹਤਿਆ ਕਾਂਡ ਬਾਰੇ ਹਰਿਆਣੇ ਦੀ ਅਦਾਲਤ ਵਿਚ ਮੁਕੱਦਮਾ ਚੱਲਣ ਤੇ ਨਿਰੰਕਾਰੀ ਗੁਰਬਚਨ ਸਿੰਘ ਨੂੰ ਬਰੀ ਕਰ ਦਿਤਾ ਗਿਆ। ਸਰਕਾਰ ਦੀ ਇਹ ਬੇਇਨਸਾਫੀ ਦੇਖ ਕੇ ਵੀ ਸਿਖ ਚੁਪ ਹੀ ਰਹੇ ਤੇ ਉਨ੍ਹਾਂ ਨੇ ਕਿਸੇ ਪਾਸਿਓਂ ਵੀ ਕੋਈ ਨਾਜਾਇਜ਼ ਹਰਕਤ ਕਾਨੂੰਨ ਵਿਰੁਧ ਨਾ ਕੀਤੀ। ਛੇਕੜ ਜ਼ੁਲਮ ਦੀ ਬੇੜੀ ਜਿਵੇਂ ਕਿ ਉਸ ਦੇ ਆਪਣੇ ਹੀ ਭਾਰ ਨਾਲ ਜਾਂ ਅੰਦਰੋਂ ਤਰੇੜਾਂ ਪੈਣ ਤੇ ਡੁਬ ਜਾਇਆ ਕਰਦੀ ਹੈ ਤੇ ਜਿਸ ਤਰ੍ਹਾਂ ਸਰੀਰ ਵਿਚ ਲਹੂ ਦਾ ਵਿਕਾਰ ਵਧਣ ਤੇ ਬੜੇ ਭਯਾਨਕ ਮਾਰੂ ਫੋੜੇ ਨਿਕਲ ਆਉਂਦੇ ਹਨ, ਠੀਕ ਇਸੇ ਤਰ੍ਹਾਂ ਨਿਰੰਕਾਰੀ ਭਵਨ ਦੇ ਅੰਦਰੋਂ ਹੀ ਬੁਰੀ ਤਰ੍ਹਾਂ ਲਾਲਚ ਦਾ ਉਬਾਲ ਉਠਿਆ ਤੇ ਗੁਰਗਦੀ ਦੇ ਚਾਹਵਾਨ ਕੁਝ ਚੇਲਿਆਂ ਦੀ ਸਾਜ਼ਿਸ਼ ਨਾਲ ੨੩ ਅਪ੍ਰੈਲ ਸੰਨ ੧੯੮੦ ਈ: ਨੂੰ ਨਕਲੀ ਨਿਰੰਕਾਰੀ ਬਾਬਾ ਗੁਰਬਚਨ ਸਿੰਘ ਨੂੰ ਆਪਣੇ ਅੰਗ-ਰਖਿਅਕ ਪ੍ਰਤਾਪ ਸਿੰਘ (ਪ੍ਰਤਾਪੂ) ਸਮੇਤ ਬੰਦੂਕ ਦੀਆਂ ਗੋਲੀਆਂ ਦਾ ਨਿਸ਼ਾਨਾ ਬਣਾ ਦਿਤਾ ਗਿਆ। ਇਹ ਖੂਨੀ ਨਾਟਕ ਨਵੀਂ ਦਿਲੀ ਦੇ ਕਿਸੇ ਚੁਰਸਤੇ ਜਾਂ ਸ਼ਰਆ-ਆਮ ਬਾਜ਼ਾਰ ਵਿਚ ਨਹੀਂ ਖੇਡਿਆ ਗਿਆ, ਸਗੋਂ ਨਿਰੰਕਾਰੀ ਭਵਨ ਦੇ ਆਪਣੇ ਹੀ ਰਾਜ-ਮਹੱਲ ਵਿਚ ਦ੍ਰਿਸ਼ਮਾਨ ਹੋਇਆ, ਜਿਥੇ ਕਿ ਚਾਰੇ ਪਾਸੇ ਸਖ਼ਤ ਪਹਿਰੇ ਲਗੇ ਹੋਣ ਕਰਕੇ ਬਾਹਰਲਾ ਕੋਈ ਵੀ ਆਦਮੀ ਅੰਦਰ ਨਹੀਂ ਜਾ ਸਕਦਾ। ਇਸ ਲਈ ਹੱਤਿਆ ਕਾਂਡ ਨਿਰੰਕਾਰੀ ਭਵਨ ਦੀ ਆਪਣੀ ਹੀ ਚਾਰ-ਦੀਵਾਰੀ ਦੇ ਅੰਦਰਲੀ ਘਟਨਾ ਹੋਣ ਕਰਕੇ ਇਸ ਦਾ ਬਾਹਰਲੀ ਕਿਸੇ ਵੀ ਸੰਸਥਾ ਜਾਂ ਜਥੇਬੰਦੀ ਨਾਲ ਕਿਸੇ ਪਾਸਿਓਂ ਕੋਈ ਸੰਬੰਧ ਸਾਬਤ ਨਹੀਂ ਹੁੰਦਾ, ਪਰ ਫੇਰ ਵੀ ਨਕਲੀ ਨਿਰੰਕਾਰੀ ਮੰਡਲ ਵਲੋਂ ਆਪਣੇ ਆਪ ਨੂੰ ਇਸ ਤੋਂ ਨਿਰਦੋਸ਼ ਸਾਬਤ ਕਰਨ ਲਈ ਇਹ ਕਹਿਣਾ ਕਿ ਇਹ ਪੰਜਾਬ ਦੇ ਸਿਖਾਂ ਦੀ ਸਾਜ਼ਿਸ਼ ਹੈ, ਐਵੇਂ ਖ਼ਾਹ-ਮ-ਖ਼ਾਹ ਭੋਲੇ ਭਾਲੇ ਸਿਖਾਂ ਨੂੰ ਫਸਾਉਣ ਤੇ ਸਰਕਾਰ ਨੂੰ ਨਿਰੋਲ ਧੋਖੇ ਵਿਚ ਪਾਉਣ ਵਾਲੀ ਗੱਲ ਹੈ। ਸੋ ਉਨ੍ਹਾਂ ਦੀ ਇਸ ਸਾਜ਼ਿਸ਼ ਤੋਂ ਹਮੇਸ਼ਾ ਪੂਰੀ ਤਰ੍ਹਾਂ ਸੁਚੇਤ ਰਹਿਣਾ ਜ਼ਰੂਰੀ ਹੈ, ਤਾਕਿ ਭਵਿੱਖ ਵਿਚ ਇਸ ਦਾ ਹੋਰ ਕੋਈ ਦੁਖਦਾਈ ਨਤੀਜਾ ਨਾ ਨਿਕਲ ਸਕੇ। ਬੜੀ ਬਹਾਦਰੀ ਤੇ ਦਲੇਰੀ ਨਾਲ ਧਾੜੇ ਜਾਂ ਡਾਕੇ ਮਾਰਨਾ, ਪ੍ਰਗਟ ਜਾਂ ਲੁਕਵੇਂ ਤੌਰ ਤੇ ਸਾਹਸ ਕਰਕੇ ਕਿਸੇ ਮਸ਼ਹੂਰ ਵਿਅਕਤੀ ਜਾਂ ਗਰੋਹ ਨੂੰ ਕਤਲ ਕਰਨਾ ਕਿਸੇ ਵੀ ਜਣੇ ਖਣੇ ਜਾਂ ਕਮ-ਉਮਰ ਦੇ ਵਿਅਕਤੀ ਦਾ ਕੰਮ ਨਹੀਂ ਹੈ। ਅਜਿਹੇ ਜੁਰਮਾਂ ਲਈ ਤਾਂ ਕੋਈ ਹੰਢੇ ਵਰਤੇ ਵਿਅਕਤੀ ਹੀ, ਜਿਨ੍ਹਾਂ ਨੇ ਅਨੇਕਾਂ ਖੂਨੀ ਹਾਦਸੇ ਕੀਤੇ ਹੋਣ, ਖਾਸ ਤੌਰ ਤੇ ਕਾਰ-ਆਮਦ ਤੇ ਸਫਲ ਸਾਬਤ ਹੁੰਦੇ ਹਨ। ਗੁਰਬਚਨ ਸਿੰਘ ਨਕਲੀ ਨਿਰੰਕਾਰੀ ਦੇ ਕਤਲ ਕੇਸ ਵਿਚ ਜਦੋਂ ਕਿ ਇਹ ਖੂਨੀ ਵਾਰਦਾਤ ਉਨ੍ਹਾਂ ਦੇ ਆਪਣੇ ਹੀ ਨਿਰੰਕਾਰੀ ਭਵਨ ਵਿਚ ਹੋਈ ਵਰਤੀ ਹੈ, ਐਵੇਂ ਦਿਲੀਓਂ ਦੂਰ ਬੈਠੇ ਸੰਤ ਜਰਨੈਲ ਸਿੰਘ ਭਿੰਡਰਾਂ ਵਾਲ ਨੂੰ ਤੇ ਉਨ੍ਹਾਂ ਦੀ ਪਾਰਟੀ ਦੇ ਸ਼ਾਂਤਮਈ ਸਿੱਖ ਨੌਜਵਾਨਾਂ ਨੂੰ ਅਣਹੋਣੇ ਦੂਸ਼ਣ ਥੱਪ ਕੇ ਉਲਝਾਉਣਾ ਇਕ ਗਿਣੀ



www.AKJ.Org

ਮਿਥੀ ਅੰਦਰੂਨੀ ਤੇ ਗਹਿਰੀ ਸਾਜ਼ਿਸ਼ ਦਾ ਨਤੀਜਾ ਹੈ।

ਸਾਡੇ ਕੌਮੀ ਆਗੂ ਆਪਣੇ ਬਾਹੂ ਬਲ ਨਾਲ ਬਣੇ ਆਗੂ ਨਹੀਂ, ਸਗੋਂ ਨਵ-ਨਿਰਮਤਿ ਪੱਛਮੀ ਢੰਗ ਦੇ ਆਈਨੇ ਮੁਤਾਬਿਕ ਵੋਟਾਂ ਦੀ ਬਹੁ-ਗਿਣਤੀ ਨਾਲ ਚੁਣੇ ਹੋਣ ਕਰਕੇ ਇਕ ਪ੍ਰਕਾਰ ਦੇ ਭਿੱਛਕ ਆਗੂ ਹਨ, ਇਸ ਲਈ ਜ ਅਜਿਹੇ ਭਿੱਛਕ ਆਗੂਆਂ ਦੇ ਹੱਥ ਵਿਚ ਤਾਕਤ ਹੁੰਦੀ ਹੈ ਤਾਂ ਉਹ ਉਸ ਤਾਕਤ ਨੂੰ ਇਸ ਕਰਕੇ ਵਰਤ ਨਹੀਂ ਸਕਦੇ ਕਿ ਜਦ ਕਦੇ ਵੀ ਨਵੀਂ ਚੋਣ ਹੋਈ ਤਾਂ ਵੋਟਰਾਂ ਦੇ ਪਾਸਾ ਪਲਟਣ ਕਰਕੇ ਉਹ ਤਾਕਤ ਉਨ੍ਹਾਂ ਦੇ ਹੱਥ ਵਿਚ ਨਹੀਂ ਰਹੇਗੀ, ਇਸ ਲਈ ਅਜਿਹੀ ਵਕਤ-ਟਪਾਊ ਹਕੂਮਤ ਦੇ ਕਰਤਾ ਧਰਤਾ ਜਿਸ ਪਾਸੇ ਵੀ ਅਖੌਤੀ ਬਹੁਸੰਮਤੀ ਵੇਖਦੇ ਹਨ ਉਸ ਪਾਸੇ ਹੀ ਝੁਕ ਜਾਂਦੇ ਹਨ ਤੇ ਇਸੇ ਕਾਰਨ ਉਹ ਹਮੇਸ਼ਾ ਇਨਸਾਫ਼ ਦਾ ਖ਼ੂਨ ਚੂਸਦੇ ਨਜ਼ਰ ਆਉਂਦੇ ਹਨ। ਸਾਡੇ ਦੇਸ਼ ਵਿਚ ਏਨੇ ਨਕਲੀ ਨਿਰੰਕਾਰੀ ਨਹੀਂ ਜਿਤਨਾ ਕਿ ਬਾਹਰੋਂ ਮਿਲਦੇ ਸਰਮਏ ਕਾਰਨ ਉਨ੍ਹਾਂ ਨੂੰ ਵਧੇਰੇ ਵਧਾ ਕੇ ਦਸਿਆ ਜਾਂਦਾ ਹੈ। ਸਾਡੇ ਆਗੂ ਇਸ ਅਸਲੀਅਤ ਤੋਂ ਨਾਵਾਕਿਫ਼ ਹੋਣ ਕਰਕੇ ਬਹੁਤ ਧੋਖਾ ਖਾਂਦੇ ਤੇ ਆਪਣੇ ਸਕਿਆਂ ਦੇ ਸੱਕ ਲਾਹਣੋਂ ਵੀ ਸੰਕੋਚ ਨਹੀਂ ਕਰਦੇ। ਨਕਲੀ ਨਿਰੰਕਾਰੀਆਂ ਦੇ ਪੱਖ ਵਿਚ ਗੁਰਬਚਨ ਸਿੰਘ ਦੇ ਕਤਲ-ਕੇਸ ਬਾਰੇ ਫਰਜ਼ੀ ਪ੍ਰਾਪੇਗੰਡਾ ਕਰਨ ਵਾਲੀਆਂ ਕਈ ਨਾਮਧਰੀਕ ਦੇਸ-ਭਗਤ ਧੜ-ਬੰਦੀਆਂ ਦਾ ਠੀਕ ਇਹੋ ਰਵੱਯਾ ਹੈ। ਇਸੇ ਬਹਾਨੇ ਸਾਡੀ ਸਰਕਾਰ ਵੀ ਉਨ੍ਹਾਂ ਦਾ ਹਾਂ ਵਿਚ ਹਾ ਮਿਲਾ ਕੇ ਨਕਲੀ ਨਿਰੰਕਾਰੀਆਂ ਨੂੰ ਉਨ੍ਹਾਂ ਦੀਆਂ ਅਜੋਗ ਧਮਕੀਆਂ ਦੇ ਬਾਵਜੂਦ ਖੁਸ਼ ਕਰਨ ਲਈ ਪ੍ਰਯਤਨਸ਼ੀਲ ਹੈ। ਜੇ ਕਾਨੂੰਨ ਦੇ ਸਖਤ ਪੰਜੇ ਨਾਲ ਉਨ੍ਹਾਂ ਦੀ ਇਸ ਮਸਨੂਈ ਹਉਮੈ ਦਾ ਨੱਕ ਭੰਨਿਆ ਜਾਵੇ ਤਾਂ ਫੇਰ ਉਨ੍ਹਾਂ ਦਾ ਕੋਈ ਜ਼ੋਰ ਬਾਕੀ ਰਹਿਣਾ ਸੰਭਵ ਨਹੀਂ ਹੈ।

ਸਾਡੇ ਕੁਝ ਅਨਜਾਣ ਤੇ ਸਾਧਾਰਨ ਸਿਖ ਨੌਜਵਾਨ, ਜੋ ਰੁਜ਼ਗਾਰ ਦੀ ਤੰਗੀ ਕਾਰਨ ਕਈ ਵੇਰ ਆਮ ਮਜ਼ਦੂਰਾਂ ਵਾਂਗੂ ਕਿਸੇ ਹੀਲੇ ਭਵਨ ਵਿਚ ਜਾਂਦੇ ਰਹੇ, ਪਰ ਹੁਣ ਜਦ ਬਾਬਾ ਗੁਰਬਚਨ ਸਿੰਘ ਦਾ ਕਤਲ ਹੋਣ ਤੇ ਬਾਂਦਰ ਦੀ ਬਲਾ ਤਬੇਲੇ ਦੇ ਸਿਰ ਪੈਣ ਵਾਂਗੂ ਇਸ ਕੇਸ ਦਾ ਸਾਰਾ ਨਜ਼ਲਾ ਉਨ੍ਹਾਂ ਉਤੇ ਹੀ ਝੜਦਾ ਨਜ਼ਰ ਆਇਆ ਤਾਂ ਉਹ ਉਥੋਂ ਹਟ ਕੇ ਐਵੇਂ ਡਰਦੇ ਮਾਰੇ ਆਪਣੇ ਮੂੰਹ ਲੁਕਾਉਣ ਲੱਗ ਪਏ ਹਨ ਤੇ ਇਸ ਖ਼ੂਨੀ ਵਾਰਦਾਤ ਤੋਂ ਪਿਛੋਂ ਮੁੜ ਉਥੇ ਜਾਂਦੇ ਨਜ਼ਰ ਨਹੀਂ ਆਉਂਦੇ, ਹਾਲਾਂ ਕਿ ਇਹ ਇਕ ਕੁਦਰਤੀ ਅਸੂਲ ਹੈ ਕਿ ਜਦ ਅਗਲ ਬਨਿਓਂ ਰੁਜ਼ਗਾਰ ਤੋਂ ਜਵਾਬ ਮਿਲ ਜਾਵੇ ਤਾਂ ਕਦੇ ਕੋਈ ਮਜ਼ਦੂਰ ਮੁੜ ਅਜਿਹੀ ਥਾਵੇਂ ਨਹੀਂ ਜਾਇਆ ਕਰਦਾ ਜਿਥ ਕਿ ਉਸ ਦਾ ਫੇਰਾ-ਤੋਰਾ ਐਵੇਂ ਵਿਅਰਥ ਹੀ ਜਾਵੇ। ਫਿਰ ਉਨ੍ਹਾਂ ਮਜ਼ਦੂਰਾਂ ਦਾ ਅਜਿਹੇ ਮਾਯਾਵੀ ਕਤਲ ਨਾਲ ਕੀ ਸੰਬੰਧ? ਪਰ ਫੇਰ ਵੀ ਰੋਜ਼ਾਨਾ ਅਜੀਤ 9 ਅਗਸਤ ਦੇ ਅਨੁਸਾਰ ਸੂਤ ਹੈ ਕਿ ਉਨ੍ਹਾਂ ਨੂੰ ਫੜ ਕੇ ਕੁਝ ਨਿਰਦੋਸ਼ ਸਿੱਖ ਮੋਢੀਆਂ ਤੋਂ ਵਿਰੁਧ ਉਲਟ ਪੁਲਟ ਬਿਆਨ ਦੇਣ ਲਈ ਤੰਗ ਕੀਤਾ ਜਾ ਰਿਹਾ ਹੈ।

ਨਕਲੀ ਨਿਰੰਕਾਰੀ ਗੁਰਬਚਨ ਸਿੰਘ ਦਾ ਨਿਰੰਕਾਰੀ ਭਵਨ ਵਿਚ ਹੋਇਆ ਇਹ ਕਤਲ, ਜਿਸ ਨੂੰ ਈਰਖਾ ਨਾਲ ਅੰਦਰਲੇ ਨਕਲੀ ਨਿਰੰਕਾਰੀਆਂ ਦੇ ਗਲੋਂ ਲਾਹ ਕੇ ਤੇ ਮਲੋਂ ਜੋਰੀ ਦਿਲੀਓਂ ਬਾਹਰ ਲਿਜਾ ਕੇ ਪੰਜਾਬ ਦੇ ਸਿੱਖਾਂ ਦੇ ਗਲ ਮੜ੍ਹਿਆ ਜਾ ਰਿਹਾ ਹੈ, ਦਰਅਸਲ ਨਿਰੰਕਾਰੀ ਸੰਪ੍ਰਦਾਇ ਦੀ ਗੱਦੀ-ਨਸ਼ੀਨੀ ਸੰਬੰਧੀ ਅੰਦਰੂਨੀ ਖਿਚ-ਧਾੜ ਦਾ ਹੀ ਨਤੀਜਾ ਹੈ, ਕਿਉਂਕਿ 'ਜ਼ਰ ਜ਼ੋਰੂ ਜ਼ਮੀਨ ਤਿੰਨੇ ਉਪਾਧ ਦਾ ਘਰ' ਅਖਾਣ ਅਨੁਸਾਰ ਕਈ ਵਰ ਅਜਿਹੇ ਕਤਲ ਸ਼ੁਰੂ ਤੋਂ ਹੀ ਹੁੰਦੇ ਆਏ ਹਨ, ਇਸੇ ਕਾਰਨ ਅਸਿਧੇ ਸਮਵਾਦੀ ਆਗੂ ਸ: ਸ਼ਮਸ਼ੇਰ ਸਿੰਘ ਜੋਸ਼ ਨੇ ਆਪਣੀ ਹਫਤਾਵਾਰ ਪੰਜਾਬੀ ਪਤ੍ਰਿਕਾ 4-10 ਅਗਸਤ 1980 ਦੇ ਪਰਚੇ ਵਿਚ ਸਾਫ ਲਿਖਿਆ ਕਿ ਇਸ ਕਤਲ ਵਿਚ ਪੁਲਿਸ-ਸੂਤਰਾਂ ਅਨੁਸਾਰ ਨਿਰੰਕਾਰੀ ਭਵਨ 'ਚ ਰਹਿੰਦੇ ਕਿਸੇ ਬੰਦੇ ਦਾ ਹੱਥ ਹੈ (ਦੇਖੋ ਸਫ਼ਾ 4)। ਇਸ ਲਈ ਸਰਕਾਰ ਜੇ ਦੂਰਅੰਦੇਸ਼ੀ ਤੋਂ ਕੰਮ ਲਵੇ ਤਾਂ ਇਸ ਸ਼ਰਾਰਤ-ਆਮੇਜ਼ ਕੇਸ ਨੂੰ ਏਥੇ ਹੀ ਠੱਪ ਦੇਣਾ ਚਾਹੀਏ ਤੇ ਉਹ ਸਿੱਖ ਨੌਜਵਾਨ, ਜੋ ਇਸ ਸੰਬੰਧ ਵਿਚ ਐਵੇਂ ਸ਼ਿਕਾਇਤ ਕਰਨ ਤੇ ਫੜੇ ਗਏ ਹਨ, ਤੁਰਤ ਹੀ ਛੱਡ ਦੇਣੇ ਚਾਹੀਦੇ ਹਨ। ਨਿਰੰਕਾਰੀਆਂ ਤੇ ਸਿੱਖਾਂ ਦੀ ਇਸ ਕਸ਼ਮਕਸ਼ ਦਾ ਮੂਲ ਕਾਰਨ ਨਿਰੰਕਾਰੀ ਦਰਬਾਰ ਦੀਆਂ ਇਤਰਾਜ਼ ਯੋਗ ਪੁਸਤਕਾਂ 'ਅਵਤਾਰ ਬਾਣੀ' ਤੇ 'ਯੁਗ ਪੁਰਸ਼' ਤੁਰਤ ਹੀ ਜ਼ਬਤ ਕਰ ਦੇਣੀਆਂ



www.AKJ.Org

ਚਾਹੀਏ, ਤਾਂ ਕਿ ਮੁੜ ਫੇਰ ਅਜਿਹੀ ਸ਼ੋਰਸ਼ ਕਦੇ ਵੀ ਉਠ ਨਾ ਸਕੇ, ਨਹੀਂ ਤਾਂ ਇਸ ਅਣਗਹਿਲੀ ਕਾਰਨ ਭਵਿੱਖ ਵਿਚ ਦੇਸ਼ ਕੌਮ ਦਾ ਨੁਕਸਾਨ ਹੀ ਨੁਕਸਾਨ ਹੈ।

ਬਾਕੀ ਰਹੀਆਂ ਨਿਰੰਕਾਰੀਆਂ ਦੀਆਂ ਗਿੱਦੜ-ਭਬਕੀਆਂ, ਕਿ ਜੇ ਗੁਰਬਚਨ ਸਿੰਘ ਦੇ ਅਖੌਤੀ ਕਾਤਿਲ ਨਾ ਫੜੇ ਗਏ ਤਾਂ ਉਹ ਬਹੁਗਿਣਤੀ ਵਿਚ ਸਤਿਆਗ੍ਰਹਿ ਕਰਨਗੇ, ਇਹ ਐਵੇਂ ਉਨ੍ਹਾਂ ਦੇ ਨਿਰਾਧਾਰ ਸਾਧਾਰਨ ਦਮਗਜੇ ਹਨ। ਦਮਗਜੇ ਵੀ ਠੀਕ ਉਸੇ ਤਰ੍ਹਾਂ ਦੇ, ਜਿਸ ਤਰ੍ਹਾਂ ਕਿ ਕੱਲਰ ਦੀ ਟਟੀਹਰੀ ਰਾਤ ਨੂੰ ਪੁੱਠੀ ਹੋ ਕੇ ਆਪਣੀਆਂ ਪੂਣ ਸਿਲਾਈ ਵਰਗੀਆਂ ਲੱਤਾਂ ਅਸਮਾਨ ਵਲ ਕਰਕੇ ਸੌਂਦੀ ਹੈ ਤੇ ਕਹਿੰਦੀ ਹੈ ਕਿ ਕਿਤੇ ਅਸਮਾਨ ਟੁੱਟ ਪਵੇ ਤਾਂ ਉਸਦੀਆ ਲੱਤਾਂ ਉਸ ਨੂੰ ਅਧਵਾਟੇ ਹੀ ਰੋਕ ਕੇ ਸਾਰੀ ਦੁਨੀਆ ਨੂੰ ਤਬਾਹ ਹੋਣੋਂ ਬਚਾ ਲੈਣਗੀਆਂ। ਦਰਅਸਲ ਨਕਲੀ ਨਿਰੰਕਾਰੀਆਂ ਦੀ ਬਹੁ-ਗਿਣਤੀ ਦੇ ਸਤਿਆਗ੍ਰਹਿ ਦੀਆਂ ਇਹ ਐਵੇਂ ਇਕ ਪ੍ਰਕਾਰ ਦੇ ਡੂਮ-ਡਰਾਵੇ ਦੀਆਂ ਗੱਲਾਂ ਹਨ, ਜਿਨ੍ਹਾਂ ਦਾ ਅਮਲੀ ਤੌਰ ਤੇ ਕੋਈ ਨਤੀਜਾ ਨਹੀਂ ਨਿਕਲ ਸਕਦਾ। ਸਾਡੇ ਕੌਮੀ ਆਗੂ ਇਸ ਸੰਬੰਧ ਵਿਚ ਜ਼ਰਾ ਠਰ੍ਹੰਮੇ ਤੇ ਹੌਸਲੇ ਤੋਂ ਕੰਮ ਲੈਣ ਅਤੇ ਬੇਸਿਰ ਪੈਰ ਦੇ ਇਸ ਨਿਰੰਕਾਰੀ ਕੇਸ ਦੀ ਕੋਈ ਪ੍ਰਵਾਹ ਨਾ ਕਰਨ। ਬਸ, ਫਿਰ ਇਸ ਖੁਰਾਫ਼ਾਤ ਉਤੇ ਫ਼ਤਹ ਹੀ ਫ਼ਤਹ ਹੈ। ਦੁਨੀਆ ਵਿਚ ਅਜਿਹੀ ਕੋਈ ਤਾਕਤ ਨਹੀਂ ਜੋ ਇਸ ਆਪ-ਹੁਦਰੀ ਤੇ ਨਿਰਜਿੰਦ ਜਿਹੀ ਸੰਪ੍ਰਦਾਇ ਨੂੰ ਮੁੜ ਸਾਡੇ ਮੁਕਾਬਲੇ ਤੇ ਲਿਆ ਕੇ ਖੜੀ ਕਰ ਸਕੇ।

---

# ਅਖੰਡ ਕੀਰਤਨੀ ਜਥੇ ਦੀ ਵਿਸ਼ੇਸ਼ ਮੀਟਿੰਗ

ਦਿੱਲੀ ਸਮਾਗਮ ਦੇ ਦਿਨਾਂ ਵਿਚ ਮਿਤੀ ੧੭-੧੦-੮੦ ਨੂੰ ਕੁਝ ਮਸਲਿਆਂ ਸੰਬੰਧੀ ਵਿਚਾਰ-ਵਟਾਂਦਰਾ ਕਰਨ ਲਈ ਜਥੇ ਦੇ ਸਿੰਘਾਂ ਦੀ ਮੀਟਿੰਗ ਰੱਖੀ ਸੀ। ਇਸ ਮੀਟਿੰਗ ਵਿਚ ਵੱਖ ਵੱਖ ਥਾਵਾਂ ਦੇ ਪਤਵੰਤੇ ਸਿੰਘਾਂ ਅਤੇ ਸਿੰਘਣੀਆਂ ਨੇ ਭਾਗ ਲਿਆ। ਭਾਈ ਸਾਹਿਬ ਭਾਈ ਬਲਬੀਰ ਸਿੰਘ ਜੀ (ਸਪੁੱਤਰ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ) ਨੇ ਇਸ ਮੀਟਿੰਗ ਵਿਚ ਖਾਸ ਦਿਲਚਸਪੀ ਲਈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਭਾਈ ਸਾਹਿਬ ਹਰਬੰਸ ਸਿੰਘ ਜੀ ਦਿੱਲੀ ਸੁਸ਼ੋਭਤ ਸਨ। ਮੀਟਿੰਗ ਦਾ ਤੱਤਸਾਰ ਇਸ ਪ੍ਰਕਾਰ ਹੈ:—

ਕਾਫੀ ਵਿਚਾਰ ਵਟਾਂਦਰੇ ਪਿਛੋਂ ਸਰਬ-ਸੰਮਤੀ ਨਾਲ ਪਾਸ ਹੋਇਆ ਕਿ ਅਖੰਡ ਕੀਰਤਨੀ ਜਥੇ ਦੇ ਜਥੇਦਾਰ, ਜੋ ਕਿ ਸੰਗਤਾਂ ਦੀ ਸਰਬ-ਸੰਮਤੀ ਨਾਲ ਚੁਣਿਆ ਹੋਇਆ ਹੈ ਨੂੰ ਪੂਰਾ ਇਖਤਿਆਰ ਹੈ ਕਿ ਉਹ ਪੰਥ ਅਤੇ ਜਥੇ ਦੀ ਚੜ੍ਹਦੀ ਕਲਾ ਅਤੇ ਭਲਾਈ ਲਈ ਜੋ ਭੀ ਫੈਸਲਾ ਕਰੇ, ਜਥੇ ਦੇ ਸਭ ਮੈਂਬਰਾਂ ਨੂੰ ਸਿਰ ਮੱਥੇ ਪਰਵਾਨ ਹੈ ਅਤੇ ਮੁੜ ਅਜਿਹੀਆਂ ਮੀਟਿੰਗਾਂ ਦੀ ਲੋੜ ਨਹੀਂ। ਸਰਬ-ਸੰਮਤੀ ਨਾਲ ਚੁਣੇ ਹੋਏ ਜਥੇਦਾਰ ਦੀ ਸੇਵਾ ਦੀ ਕੋਈ ਨਿਸਚਿਤ ਮਿਆਦ ਨਹੀਂ ਹੈ। ਓਹ ਜਿੰਨੀ ਦੇਰ ਤਕ ਜਥੇ ਦੀ ਯੋਗ ਢੰਗ ਨਾਲ ਅਗਵਾਈ ਕਰਨ ਦੇ ਸਮਰੱਥ ਹੋਵੇਗਾ, ਇਹ ਸੇਵਾ ਨਿਭਾਏਗਾ।

## *ਦਿੱਲੀ ਸਾਲਾਨਾ ਕੀਰਤਨ ਸਮਾਗਮ ੧੯੮੦*

ਦਿੱਲੀ ਦੁਸਹਿਰੇ ਦੇ ਦਿਨਾਂ ਵਿਚ ਸਾਲਾਨਾ ਸਮਾਗਮ ਵਿਚ ਹਾਜ਼ਰੀਆਂ ਭਰਨ ਲਈ ਗੁਰਸਿਖ ਵੀਰ ਭੈਣਾਂ ਦੂਰਾਂ ਦੂਰਾਂ ਤੋਂ ਪੁਜੇ ਹੋਏ ਸਨ। ਕੀਰਤਨ ਸਮਾਗਮ ਦਾ ਹਰ ਪ੍ਰੋਗਰਾਮ ਵਧ ਚੜ੍ਹ ਕੇ ਰੰਗਾਂ ਵਿਚ ਹੋਇਆ ਅਤੇ ਸੰਗਤਾਂ ਦੀ ਹਾਜ਼ਰੀ ਦਾ ਕੋਈ ਅੰਤ ਨਹੀਂ ਸੀ। ਰੈਣ-ਸਬਾਈ ਕੀਰਤਨ ਵਿਚ ਸਾਰੀ ਰਾਤ ਹੀ ਮਹਾਨ ਪੰਡਾਲ ਦੇ ਅੰਦਰ ਤੇ ਬਾਹਰ ਸੰਗਤਾਂ ਚਾਉ ਮਲ੍ਹਾਰ ਵਿਚ ਜੁੜ ਕੇ ਅਨੰਦ ਮਾਣਦੀਆਂ ਰਹੀਆਂ।

ਇਨ੍ਹਾਂ ਕੀਰਤਨ-ਸਮਾਗਮਾਂ ਵਿਚ ਦੋ ਮੰਗਾਂ ਵਿਸ਼ੇਸ਼ ਕਰਕੇ ਨੋਟਸ ਵਿਚ ਲਿਆਂਦੀਆਂ ਗਈਆਂ ਹਨ। ਇਕ ਤਾਂ ਇਹ ਕਿ ਅਖੰਡ ਕੀਰਤਨੀ ਜਥੇ ਦੇ ਸਮੂਹ ਵੀਰ ਭੈਣਾਂ ਸੰਗਤ ਵਿਚ ਸਾਦਾ ਗੁਰਮਤੀ ਲਿਬਾਸ ਪਹਿਰ ਕੇ, ਲਿਬਾਸ ਦੇ ਉਪਰੋਂ ਦੀ ਗਾਤਰੇ-ਕਿਰਪਾਨ ਸਜਾ ਕੇ ਸੰਗਤ ਵਿਚ ਦਰਸ਼ਨ ਦਿਆ ਕਰਨ। ਦੂਜੇ ਇਹ ਕਿ ਕੀਰਤਨ ਕਰਨ ਵਾਲੇ ਵੀਰ ਭੈਣਾਂ ਜ਼ਰੂਰ ਹੀ ਇਸ ਬੇਨਤੀ ਵਲ ਵਿਸ਼ੇਸ਼ ਧਿਆਨ ਦੇਣ। ਆਸ ਹੈ ਕਿ ਸਿਖ-ਸੰਗਤਾਂ ਦੀਆਂ ਇਨ੍ਹਾਂ ਯੋਗ ਮੰਗਾਂ ਵਲ ਅਸੀਂ ਉਚੇਚਾ ਧਿਆਨ ਦੇਵਾਂਗੇ।

ਖਾਲਸਾ ਜੀ ਦਾ ਸੇਵਕ—ਰਾਮ ਸਿੰਘ (ਜਥੇਦਾਰ) ਅਖੰਡ ਕੀਰਤਨੀ ਜਥਾ, ਕੇਂਦਰੀ ਦਫ਼ਤਰ ਸ੍ਰੀ ਅੰਮ੍ਰਿਤਸਰ

www.AKJ.Org

# ਪਾਗ ਚੁਨੈ ਕਰ ਬਾਂਧਈ (੨)

[ਵਲੋਂ—ਪ੍ਰੋ: ਹਰਬੰਸ ਸਿੰਘ ਜੀ, ਗੁਰੂ ਨਾਨਕ ਇੰਜ: ਕਾਲਜ, ਲੁਧਿਆਣਾ]

(ਲੜੀ ਜੋੜਨ ਲਈ ਦੇਖੋ ''ਸੂਰਾ'' ਅਕਤੂਬਰ, ੧੯੮੦)

ਰਹਿਤਨਾਮਾ ਭਾਈ ਸੁਮੇਰ ਸਿੰਘ ਵਿਚ ਇਉਂ ਲਿਖਿਆ ਹੈ :—

''ਨਗਨ ਹੋਇ ਬਾਹਰ ਫਿਰੈ, ਨਗਨ ਸੀਸ ਜੋ ਖਾਇ।
ਨਗਨ ਪ੍ਰਸਾਦਿ ਜੋ ਬਾਂਟਈ, ਤਨਖਾਹੀ ਬਡੋ ਕਹਾਇ।''

ਇਸ ਤੋਂ ਇਹ ਪ੍ਰਗਟ ਹੁੰਦਾ ਹੈ ਕਿ ਗੁਰਮਤਿ ਅੰਦਰ ਨੰਗੇ ਸਿਰ ਫਿਰਨਾ ਮਨ੍ਹਾ ਹੈ। ਦਸਤਾਰ-ਹੀਣ ਬੀਬੀਆਂ ਭਾਵੇਂ ਲੱਖ ਯਤਨ ਕਰਨ, ਉਨ੍ਹਾਂ ਦੇ ਸਿਰ ਤੇ ਚੁੰਨੀ ਟਿਕ ਹੀ ਨਹੀਂ ਸਕਦੀ। ਉਨ੍ਹਾਂ ਦੇ ਸਿਰ ਦਾ ਅੱਧਾ ਹਿੱਸਾ ਤਾਂ ਹਰ ਵੇਲੇ ਹੀ ਨੰਗਾ ਰਹਿੰਦਾ ਹੈ। ਚੁੰਨੀ ਸਿਰ ਤੇ ਲੈ ਕੇ ਉਹ ਤੁਰਤੀ ਫੁਰਤੀ ਦਾ ਕੰਮ ਤਾਂ ਕਰ ਹੀ ਨਹੀਂ ਸਕਦੀਆਂ। ਚੁੰਨੀ ਸਮੇਤ ਗੱਤਕਾ ਖੇਡਣਾ, ਕਿਰਪਾਨ ਚਲਾਉਣੀ, ਘੋੜ-ਸਵਾਰੀ ਅਤੇ ਯੁੱਧ ਕਰਨਾ ਬਹੁਤ ਕਠਨ ਬਣ ਜਾਂਦਾ ਹੈ। ਕਾਰਖ਼ਾਨੇ ਅੰਦਰ ਚੁੰਨੀ ਸਮੇਤ ਕੰਮ ਕਰਨਾ ਖ਼ਤਰੇ ਤੋਂ ਖ਼ਾਲੀ ਨਹੀਂ। ਚੁੰਨੀ ਉਤਾਰ ਕੇ ਨੰਗੇ ਸਿਰ ਅਜਿਹੇ ਕੰਮ ਕਰਨਾ ਗੁਰ-ਹੁਕਮਾ ਤੋਂ ਮੁਨਕਰ ਹੋਣਾ ਹੈ। ਨੰਗੇ ਸਿਰ ਰੱਖਣ ਨਾਲ ਗਲੀਆਂ ਮੋਹਰਾਂ ਦਾ ਮਿੱਟੀ ਘੱਟਾ ਸਿਰ ਤੇ ਪੈਂਦਾ ਹੈ। ''ਉਡਿ ਉਡਿ ਰਾਵਾ ਝਾਟੈ ਪਾਇ। ਵੇਖੈ ਲੋਕੁ ਹਸੈ ਘਰਿ ਜਾਇ।'' ਨੰਗੇ ਸਿਰ ਰਹਿਣ ਨਾਲ ਸਿਰ ਵਿਚ ਖੇਹ-ਸਵਾਹ ਹੀ ਪੈਣੀ ਹੈ ਅਤੇ ਲੁਕਾਈ ਦੇ ਹਾਸੇ-ਠੱਠੇ ਦਾ ਕਾਰਨ ਬਣਨਾ ਹੈ।

ਬਿਨ-ਦਸਤਾਰ ਬੀਬੀਆਂ ਆਪਣੇ ਸਿਰ ਦੇ ਕੇਸਾਂ ਨੂੰ ਭਾਂਤ ਭਾਂਤ ਦੇ ਤ੍ਰੀਕਿਆਂ ਨਾਲ ਸੰਭਾਲਦੀਆਂ ਹਨ। ਮੇਢੀਆਂ ਅਥਵਾ ਤੱਪੜ ਬੁਣਤੀ ਦਾ ਰਿਵਾਜ ਤਾਂ ਹੁਣ ਖਤਮ ਹੋ ਗਿਆ ਹੈ, ਪਰ ਗਿੱਚੀ ਜੂੜਾ, ਪੱਫ, ਕੰਨਾਂ ਉਤੇ ਸੱਜੇ ਖੱਬੇ ਜੂੜੇ, ਦੋ ਗੁੱਤਾਂ ਅਤੇ ਇੱਕ ਗੁੱਤ ਦਾ ਰਿਵਾਜ ਆਮ ਹੈ। ਪਹਿਲੋਂ ਚੁੰਨੀ ਸਿਰ ਉੱਤੇ ਸੀ। ਸਿਰ ਉਤੋਂ ਖਿਸਕ ਕੇ ਗਲ ਵਿੱਚ ਆਈ ਅਤੇ ਹੁਣ ਨਵੇਂ ਫ਼ੈਸ਼ਨ ਸਦਕਾ ਗਲ ਵਿੱਚੋਂ ਲੱਥ ਕੇ ਸੰਦੂਕ ਵਿੱਚ ਜਾ ਪਈ ਹੈ। ਅਖਾਣ ਹੈ—ਨੰਗਾ ਝਾਟਾ ਤੇ ਮਿੱਟੀ ਖਰਾਬ। ਫ਼ੈਸ਼ਨ-ਪੱਟੀਆਂ ਨੂੰ ਮੁਸ਼ਟੰਡੇ ਨੰਗੇ ਮਖ਼ੌਲ ਕਰਦੇ ਹਨ।

ਬੀਬੀਆਂ ਦੀ ਦੇਖਾ-ਦੇਖੀ ਉਨ੍ਹਾਂ ਦੇ ਵੀਰ ਵੀ ਨੰਗੇ ਸਿਰ ਹੀ ਗਲੀਆਂ ਤੇ ਸੜਕਾਂ ਟੱਪਦੇ ਫਿਰਦੇ ਹਨ ਅਤੇ ਜਦ ਖੇਲ੍ਹ ਕੁੱਦ ਕੇ ਘਰ ਆਉਂਦੇ ਹਨ ਤਾਂ ਉਨ੍ਹਾਂ ਦੇ ਸਿਰ ਮਿੱਟੀ ਘੱਟੇ ਨਾਲ ਭਰੇ ਹੋਏ ਹੁੰਦੇ ਹਨ। ਕੇਸ ਨਹਾਉਣ ਅਤੇ ਕੰਘਾ ਕਰਾਉਣ ਵੇਲੇ ਉਹ ਪਿੱਟ-ਸਿਆਪਾ ਪਾਉਂਦੇ ਹਨ। ਗੰਦੇ ਕੇਸ ਰੱਖਣ ਨਾਲ ਜੂੰਆਂ ਪੈ ਜਾਣ ਦਾ ਖ਼ਤਰਾ ਬਣਿਆ ਰਹਿੰਦਾ ਹੈ। ਕਈ ਕੱਚੇ ਪਿੱਲੇ ਸਿੱਖ ਤਾਂ ਕੇਸ ਨੁਹਾਉਣ ਧੁਆਉਣ ਦੀ ਔਕੜ ਨੂੰ ਮੁੱਖ ਰੱਖ ਕੇ ਆਪਣੇ ਬੱਚਿਆਂ ਦੇ ਕੇਸ ਹੀ ਕਤਲ ਕਰਵਾ ਦਿੰਦੇ ਹਨ। ਇਸ ਤਰ੍ਹਾਂ ਉਹ ਆਪ ਹੀ ਸਿੱਖੀ ਦੇ ਬੂਟਿਆਂ ਤੇ ਕੁਹਾੜੇ ਚਲਾ ਕੇ ਆਪਣੇ ਬੱਚਿਆਂ ਨੂੰ ਪਤਿਤ ਕਰ ਕੇ ਸਿੱਖੀ ਦੇ ਪਹੇ ਤੋਂ ਲਾਂਭੇ ਕਰ ਦਿੰਦੇ ਹਨ।

ਕੇਸ ਤੇ ਦਸਤਾਰ ਸਿੱਖੀ ਦੀ ਮੁਢਲੀ ਨਿਸ਼ਾਨੀ ਹੈ। ਇਸੇ ਹੀ ਕਾਰਨ ਸ੍ਰੀ ਗੁਰੂ ਅਰਜਨ ਦੇਵ ਜੀ ਉਪਦੇਸ਼ ਦਿੰਦੇ ਹਨ ਕਿ—

ਕਾਇਆ ਕਿਰਦਾਰ, ਅਉਰਤ ਯਕੀਨਾ ॥ ਰੰਗ ਤਮਾਸੇ ਮਾਣਿ ਹਕੀਨਾ ॥
ਨਾਪਾਕ ਪਾਕੁ ਕਰਿ ਹਦੂਰਿ ਹਦੀਸਾ, ਸਾਬਤ ਸੂਰਤਿ ਦਸਤਾਰ ਸਿਰਾ ॥

ਮਾਰੂ ਸੋਲਹੇ ਮ: ੫, ਪੰਨਾ ੧੦੮੪

ਭਾਵ—ਸਤਿਗੁਰੂ ਜੀ ਫ਼ੁਰਮਾਉਂਦੇ ਹਨ ਕਿ ਹੇ ਰੱਬ ਦੇ ਬੰਦੇ! ਚੰਗੇ ਮੰਦੇ ਕਰਮ ਕਰਨ ਵਾਲੇ ਆਪਣੇ ਇਸ ਸਰੀਰ ਨੂੰ ਆਪਣੀ ਪਤਿਬ੍ਰਤਾ ਇਸਤ੍ਰੀ ਬਣਾ, ਅਤੇ ਵਿਕਾਰਾਂ ਦੇ ਰੰਗ ਤਮਾਸ਼ੇ ਮਾਣਨ ਦੀ ਥਾਂ ਇਸ



www.AKJ.Org

ਪਤਿਬ੍ਰਤਾ ਇਸਤ੍ਰੀ ਦੀ ਰਾਹੀਂ ਰੱਬੀ ਮਿਲਾਪ ਦੇ ਰੰਗ ਤਮਾਸ਼ੇ ਮਾਣਿਆ ਕਰ। ਮਲੀਨ ਹੋ ਰਹੇ ਮਨ ਨੂੰ ਪਵਿੱਤਰ ਕਰਨ ਦਾ ਯਤਨ ਕਰ। ਰੱਬੀ ਮਿਲਾਪ ਪੈਦਾ ਕਰਨ ਵਾਲੀ ਸ਼ਰਹ ਦੀ ਕਿਤਾਬ ਇਹੀ ਹੈ, ਆਪਣੀ ਸ਼ਕਲ ਨੂੰ ਜਿਉਂ ਦਾ ਤਿਉਂ ਰੱਖ। ਭੰਨ ਤੋੜ ਨਾ। ਇਹ ਲੋਕ-ਪਰਲੋਕ ਵਿਚ ਇੱਜ਼ਤ-ਆਦਰ ਪ੍ਰਾਪਤ ਕਰਨ ਦਾ ਵਸੀਲਾ ਬਣ ਜਾਂਦਾ ਹੈ।

ਦਸਤਾਰ ਬੰਨ੍ਹਣੀ, ਦਸਤਾਰ ਭੇਟ ਕਰਨੀ ਜਾਂ ਸਿਰੋਪਾ ਦੇਣਾ ਮਾਣ ਵਡਿਆਈ ਦੇ ਵਸੀਲੇ ਹਨ। ਦਸਤਾਰ ਸਰਦਾਰੀ ਦਾ ਚਿੰਨ੍ਹ ਹੈ। ਦਸਤਾਰ ਅਥਵਾ ਪੱਗ ਲਾਹੁਣੀ ਜਾਂ ਪੱਗ ਨੂੰ ਹੱਥ ਪਾਉਣਾ ਬੇਇੱਜ਼ਤੀ ਦੀ ਨਿਸ਼ਾਨੀ ਹੈ। ਸਾਡੇ ਸਤਿਗੁਰਾਂ ਨੇ ਸਾਨੂੰ ਸਰਦਾਰ (Chief) ਬਣਾਇਆ ਹੈ। ਪੱਗ ਅਥਵਾ ਦਸਤਾਰ ਸਾਡਾ ਤਾਜ ਹੈ। ਤਾਜ ਤੋਂ ਬਿਨਾਂ ਸਰਦਾਰੀ ਕਾਹਦੀ? ਕੇਸਾਂ ਤੇ ਦਸਤਾਰ ਸਦਕਾ ਹਰ ਕੋਈ ਸਾਨੂੰ ਦੂਰੋਂ ਹੀ ਕਹਿੰਦਾ ਹੈ ਕਿ "ਆਓ ਸਰਦਾਰ ਜੀ!" ਇਹ ਮਾਣ ਵਡਿਆਈ ਸਾਬਤ ਸੂਰਤ ਤੇ ਸਿਰ ਦਸਤਾਰ ਸਦਕਾ ਹੀ ਹੈ। ਦਸਤਾਰ-ਧਾਰੀ ਬੀਬੀਆ ਨੂੰ ਹਰ ਕੋਈ ਸਤਕਾਰ ਵਜੋਂ ਝੁਕ ਕੇ ਨਮਸਕਾਰ ਕਰਦਾ ਹੈ। ਉਹ ਹਜ਼ਾਰਾਂ ਲੱਖਾਂ ਵਿਚ ਖਲੋਤੀਆਂ ਦੂਰੋਂ ਹੀ ਗੁਰੂ ਕੀਆਂ ਦੁਲਾਰੀਆਂ ਪਹਿਚਾਣੀਆਂ ਜਾਂਦੀਆਂ ਹਨ। ਬਿਨਾਂ ਦਸਤਾਰ ਸਿੱਖ ਬੀਬੀ ਅਨਮਤੀਆਂ ਵਿੱਚ ਖਲੋਤੀ ਦਾ ਕੋਈ ਪਤਾ ਨਹੀਂ ਲੱਗ ਸਕਦਾ ਕਿ ਇਹ ਸਿੱਖ-ਬੀਬੀ ਹੈ ਜਾਂ ਕੋਈ ਹੋਰ।

ਦਸਤਾਰ ਜਿੱਥੇ ਸਾਡੇ ਸਿਰ ਦੇ ਕੇਸਾਂ ਨੂੰ ਮਿੱਟੀ ਘੱਟੇ ਤੋਂ ਬਚਾਉਂਦੀ ਹੈ ਉਥੇ ਸਾਡੇ ਸਿਰ ਦੀ ਸੱਟ ਚੋਟ ਵੇਲੇ ਵੀ ਰੱਖਿਆ ਕਰਦੀ ਹੈ। ਸਕੂਟਰ, ਮੋਟਰ-ਸਾਈਕਲ ਚਲਾਉਣ ਵਾਲਿਆਂ ਲਈ "ਮੋਟਰ ਗੱਡੀ ਕਾਨੂੰਨ" ਅਧੀਨ ਟੋਪ ਪਾਉਣਾ ਲਾਜ਼ਮੀ ਬਣ ਰਿਹਾ ਹੈ। ਕੀ ਸਾਡੀਆਂ ਸਿੱਖ ਬੀਬੀਆਂ ਟੋਪ ਪਾਉਣਗੀਆਂ? ਅਜਿਹੀ ਹਾਲਤ ਵਿੱਚ ਕੀ ਉਨ੍ਹਾਂ ਨੂੰ ਆਪਣੇ ਬਜ਼ੁਰਗਾਂ ਦੇ ਹੇਠਲੇ ਬਚਨ ਯਾਦ ਨਹੀਂ ਆਉਣਗੇ?—

"ਹੋਇ ਸਿਖ ਸਿਰ ਟੋਪੀ ਧਰੈ। ਸਾਤ ਜਨਮ ਕੁਸ਼ਟੀ ਹੋਇ ਮਰੈ।"

ਦਸਤਾਰ ਤੋਂ ਬਿਨਾਂ ਸਿੱਖ ਬੀਬੀਆਂ ਦਾ ਟੋਪ ਪਾਉਣ ਤੋਂ ਛੋਟ ਮੰਗਣੀ, ਕਾਨੂੰਨ ਅਧੀਨ ਅਸੰਭਵ ਹੋ ਜਾਏਗੀ। ਭਲਾ ਜੇ ਸਿਆਸੀ ਦਬਾ ਕਾਰਨ ਛੋਟ ਮਿਲ ਭੀ ਜਾਏ ਤਾਂ ਨੰਗੇ ਸਿਰ (ਬੇਸ਼ਕ ਚੁੰਨੀ ਵੀ ਕਿਉਂ ਨਾ ਲਈ ਹੋਈ ਹੋਵੇ) ਸਕੂਟਰ ਜਾਂ ਮੋਟਰ-ਸਾਈਕਲ ਚਲਾਉਣਾ ਖਤਰੇ ਤੋਂ ਖਾਲੀ ਨਹੀਂ ਹੋਏਗਾ। ਸਕੂਟਰ ਮੋਟਰ-ਸਾਈਕਲ ਤੋਂ ਹੇਠਾਂ ਡਿਗਦਿਆਂ ਹੀ ਸਿਰ ਪਟੱਕ ਸੜਕ ਤੇ ਵੱਜੇਗਾ ਅਤੇ ਲਹੂ ਬਹਿ ਨਿਕਲੇਗਾ।

ਗੁਰੂ ਕੇ ਸਿੱਖ ਦੂਹਰੀ ਦਸਤਾਰ ਸਜਾਉਂਦੇ ਹਨ। ਮੁੱਖ ਦਸਤਾਰ ਦੇ ਥੱਲੇ ਛੋਟੀ ਦਸਤਾਰ (ਕੇਸਕੀ) ਗਿੱਲੇ ਕੇਸਾਂ ਨੂੰ ਹਰੇ ਕਰਨ (ਸੁਕਾਉਣ) ਵਿਚ ਸਹਾਇਤਾ ਕਰਦੀ ਹੈ। ਇਹ ਮੁੱਖ ਦਸਤਾਰ ਨੂੰ ਕੇਸਾਂ ਦੀ ਥਿੰਧਿਆਈ ਤੋਂ ਬਚਾਉਂਦੀ ਹੈ। ਵਧੇਰੇ ਗਰਮੀ ਸਮੇਂ ਇਹ ਕੇਸਾਂ ਨੂੰ ਗਰਮੀ ਤੋਂ ਬਚਾਉਂਦੀ ਹੈ। ਛੋਟੀ ਦਸਤਾਰ ਅਸੀਂ ਹਰ ਵੇਲੇ ਆਪਣੇ ਸਿਰ ਤੇ ਬੰਨ੍ਹ ਕੇ ਰੱਖ ਸਕਦੇ ਹਾਂ। ਇਹ ਸਾਨੂੰ "ਨੰਗੇ ਸਿਰ ਫਿਰਨ" ਦੀ ਕੁਰਹਿਤ ਤੋਂ ਬਚਾਉਂਦੀ ਹੈ, ਇਸ ਦੇ ਸਦਕਾ ਸਾਡੇ ਕੇਸਾਂ ਦਾ ਤੇਲ ਬਿਸਤਰੇ ਦੇ ਸਰ੍ਹਾਣੇ, ਚਾਦਰ ਲੇਫ ਤਲਾਈ ਆਦਿ ਨੂੰ ਨਹੀਂ ਲਗਦਾ।

ਛੋਟੇ ਬੱਚੇ ਜਿਹੜੇ ਹਾਲੇ ਵੱਡੀ ਦਸਤਾਰ ਸੰਭਾਲਣ ਯੋਗ ਨਹੀਂ ਹੁੰਦੇ, ਉਨ੍ਹਾਂ ਦੇ ਵਾਲਾਂ ਦੀ ਸੰਭਾਲ ਲਈ ਸੁਚੱਜਾ ਬਸਤਰ ਛੋਟੀ ਦਸਤਾਰ ਹੀ ਹੈ। ਕੇਸਕੀ ਅਥਵਾ ਦਸਤਾਰ ਬੰਨ੍ਹਣ ਤੋਂ ਪਹਿਲਾਂ ਸਿਰ ਦੇ ਵਾਲਾਂ ਨੂੰ ਕੰਘੇ ਨਾਲ ਵਾਹ ਕੇ ਟੁੱਟੇ ਫੁੱਟੇ ਕੇਸ ਬਾਹਰ ਕੱਢ ਲਏ ਜਾਂਦੇ ਹਨ ਅਤੇ ਫਿਰ ਸਿਰ ਵਿਚਕਾਰ ਦਸਮ ਦੁਆਰ ਦੇ ਉਤੇ ਵਾਲਾਂ ਦਾ ਜੂੜਾ ਕਰ ਲਿਆ ਜਾਂਦਾ ਹੈ ਅਤੇ ਫਿਰ ਦਸਤਾਰ ਬੰਨ੍ਹ ਲਈ ਜਾਂਦੀ ਹੈ। ਇਉਂ ਕਰਨ ਨਾਲ ਕੰਘਾ ਭੀ ਸੰਭਾਲਿਆ ਜਾਂਦਾ ਹੈ ਅਤੇ ਕੇਸ ਵੀ ਢਕੇ ਜਾਂਦੇ ਹਨ। ਗੁੱਤ ਵਿਚ ਕੰਘਾ ਅੜੁੰਗਣਾ ਅਤੇ ਇਸਨੂੰ ਸੰਭਾਲ ਕੇ ਰੱਖਣਾ ਮੁਸ਼ਕਲ ਹੈ। ਗੁੱਤ ਦੇ ਵਾਲ ਗਿੱਚੀ ਵਿੱਚ ਲੜਦੇ ਰਹਿੰਦੇ ਹਨ ਅਤੇ ਐਧਰ ਉੱਧਰ ਟੱਪਦੇ ਕੰਮ ਵਿੱਚ ਰੁਕਾਵਟ ਪਾਉਂਦੇ ਹਨ। 'ਪਸ਼ੂ ਗਲ ਰੱਸਾ ਬੱਧੇ' ਵਾਂਗ ਗੁੱਤ ਨੂੰ ਹਰ ਕੋਈ ਫੜ ਕੇ ਤੀਵੀਂ ਨੂੰ ਕਾਬੂ ਕਰ ਲੈਂਦਾ ਹੈ। ਪਰ ਧੰਨ ਹਨ ਕਲਗੀਆਂ ਵਾਲੇ ਸਤਿਗੁਰੂ, ਜਿਨ੍ਹਾਂ "ਸਾਬਤ ਸੂਰਤਿ ਦਸਤਾਰ ਸਿਰਾ" ਦਾ ਉਪਦੇਸ਼ ਆਪਣੇ ਸਿੱਖਾਂ ਨੂੰ ਦ੍ਰਿੜ੍ਹ ਕਰਵਾਇਆ ਅਤੇ ਬੀਬੀਆਂ ਨੂੰ ਵੀ ਖਾਲਸਾ ਵਰਦੀ ਪੂਆ ਅਤੇ



www.AKJ.Org

ਅੰਮ੍ਰਿਤ ਛਕਾ ਕੇ ਸਿੰਘਾਂ ਦੇ ਬਰਾਬਰ ਖੜਾ ਕੀਤਾ।

ਸਾਡੇ ਸਿਰ ਵਿੱਚ ਦਿਮਾਗ ਹੈ, ਜਿਹੜਾ ਸਾਰੇ ਸਰੀਰ ਦਾ ਸੋਚ-ਕੇਂਦਰ ਹੈ। ਦਿਮਾਗ ਦੀ ਸੁਰੱਖਿਆ ਵਾਸਤੇ ਸਖ਼ਤ ਖੋਪਰੀ ਹੈ ਅਤੇ ਸਿਰ ਤੇ ਵਾਲ ਹਨ। ਦਸਮ-ਦੁਆਰ ਅਥਵਾ ਸੋਚ-ਮੰਡਲ ਉਪਰ ਕੇਸਾਂ ਦਾ ਜੂੜਾ ਕਰਨ ਨਾਲ ਸਾਡਾ ਦਿਮਾਗ ਸੁਰੱਖਿਅਤ ਰਹਿੰਦਾ ਹੈ। ਦਸਮ ਦੁਆਰ ਉਪਰ ਕੇਸਾਂ ਦਾ ਜੂੜਾ ਕਰਨ ਉਪ੍ਰੰਤ ਸਿਰ ਤੇ ਦਸਤਾਰ ਸਜਾਉਣ ਨਾਲ ਜਿੱਥੇ ਕੇਸ ਮਿੱਟੀ ਘੱਟੇ ਤੋਂ ਬਚੇ ਰਹਿੰਦੇ ਹਨ ਉਥੇ ਸਾਡਾ ਸਿਰ ਧੁੱਪ ਠੰਢ ਅਤੇ ਸੱਟ-ਚੋਟ ਤੋਂ ਬਚਿਆ ਰਹਿੰਦਾ ਹੈ।

ਗੁਰਮਤਿ ਅੰਦਰ "ਸਬਦੁ ਸੁਰਤਿ" ਦੀ ਖੇਡ ਹੈ, ਗੁਰ ਕੇ ਚਰਨ (ਸ਼ਬਦੁ) ਹਿਰਦੇ ਵਿਚ ਵਸਾਉਣ ਵਾਸਤੇ ਜ਼ਰੂਰੀ ਹੈ ਕਿ ਸਾਡੀ ਹੋਸ਼ ਟਿਕਾਣੇ ਹੋਵੇ। ਹੋਸ਼ ਨੂੰ ਟਿਕਾਣੇ ਰੱਖਣ ਵਾਸਤੇ ਸਿਰ ਦੀ ਹਿਫਾਜ਼ਤ ਦੀ ਬਹੁਤ ਲੋੜ ਹੈ। ਇਸੇ ਹੀ ਆਸ਼ੇ ਨੂੰ ਮੁੱਖ ਰੱਖਦਿਆਂ ਸਤਿਗੁਰੂ ਕਲਗੀਆਂ ਵਾਲੇ ਨੇ ਆਪਣੇ ਸਿੱਖਾਂ ਨੂੰ ਹੁਕਮ ਕੀਤਾ —

"ਕੰਘਾ ਦੋਨੋ ਵਕਤ ਕਰ, ਪਾਗ ਚੁਨੈ ਕਰ ਬਾਂਧਈ।"

ਦਿਨ ਵਿਚ ਦੋ ਵੇਰ ਅਥਵਾ ਸਵੇਰ ਸ਼ਾਮ ਕੇਸ ਕੰਘਾ ਕਰਨ ਦਾ ਭਾਵ ਇੱਕ ਤਾਂ ਕੇਸਾਂ ਦੀ ਸਫ਼ਾਈ ਅਤੇ ਦੂਜੇ ਸਿਰ ਦੀ ਵਰਜ਼ਸ਼ ਹੈ ਤਾਂ ਜੁ ਮਨੁੱਖ ਢਿੱਲੜ ਨਾ ਬਣੇ, ਸਗੋਂ ਚੇਤੰਨ ਰਹੇ। ਚੇਤੰਨ ਚਿਤ ਹੀ "ਸ਼ਬਦ" ਦੀ ਪਕੜ ਕਰ ਸਕੇਗਾ ਅਤੇ "ਗੁਰਮਤਿ ਗਿਆਨ" ਦਾ ਦੀਵਾ ਆਪਣੇ ਘਰ (ਸਰੀਰ) ਅੰਦਰ ਜਗਾ ਕੇ ਅਗਿਆਨਤਾ ਦਾ ਹਨੇਰਾ ਦੂਰ ਕਰ ਸਕੇਗਾ। ਜਿੰਨੀ ਦੇਰ ਸਾਨੂੰ ਗੁਰਮਤਿ ਦਾ ਗਿਆਨ ਨਹੀਂ ਹੁੰਦਾ, ਸਾਡੇ ਘਰ ਦਾ ਭਰਮ ਜੰਦਰਾ(ਅਗਿਆਨਤਾ)ਨਹੀਂ ਟੁੱਟੇਗਾ ਅਤੇ ਅਸੀਂ ਦੁਬਿਧਾ ਵਿਚ ਫਸੇ ਧੱਕੇ ਹੀ ਖਾਂਦੇ ਰਹਾਂਗੇ।

ਨੰਗੇ ਸਿਰ ਫਿਰਨ ਨਾਲ ਵਾਲ ਖਿੰਡ ਪੁੰਡ ਜਾਂਦੇ ਹਨ ਅਤੇ ਬੰਦਾ ਬੌਰਾ (ਸੁਦਾਈ) ਨਜ਼ਰ ਆਉਣ ਲੱਗ ਪੈਂਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਕਹਿੰਦੇ ਹਨ "ਨਾਨਕ ਸਿਰ ਖੁਥੇ ਸੈਤਾਨੀ।" ਖਿੱਲਰੇ ਵਾਲਾਂ ਵਾਲੇ ਸ਼ੈਤਾਨ ਦਾ ਰੂਪ ਹਨ, ਉਨ੍ਹਾਂ ਨੂੰ ਹਰ ਵੇਲੇ ਸ਼ਰਾਰਤਾਂ ਹੀ ਸੁੱਝਦੀਆਂ ਹਨ। ਉਨ੍ਹਾਂ ਦਾ ਮਨ ਚੰਚਲ ਹੁੰਦਾ ਹੈ। ਉਹ ਹਰ ਵੇਲੇ ਆਪਣੀ ਚਤੁਰਾਈ ਹੀ ਘੋਟਦੇ ਰਹਿੰਦੇ ਹਨ, ਚਤੁਰਾਈ ਦੇ ਹੁੰਦਿਆਂ ਅਸੀਂ ਚਤੁਰਭੁਜ (ਅਕਾਲ ਪੁਰਖ) ਨੂੰ ਨਹੀਂ ਲੱਖ ਸਕਦੇ। ਗੁਰੂ ਕੇ ਸਿੱਖ ਨੇ ਤਾਂ ਸਤਿਗੁਰੂ ਦੇ ਇਸ ਬਚਨ ਨੂੰ ਹਰ ਵੇਲੇ ਧਿਆਨ ਵਿਚ ਰੱਖਣਾ ਹੈ ਕਿ "ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ।" ਉਸਨੇ ਤਾਂ ਗੁਰੂ ਦੇ ਹੁਕਮਾਂ ਦੀ ਤਮੀਲ ਕਰਨੀ ਹੈ। ਆਪਣੇ ਮਨ ਦੀ ਮਤ ਤਿਆਗ ਕੇ ਗੁਰੂ ਦੀ ਮਤ ਮਗਰ ਚੱਲਣਾ ਹੈ। ਚੰਚਲਤਾਈ ਛੱਡ ਕੇ "ਸਹਿਜ ਘਰ" ਆਉਣਾ ਹੈ। ਹਰ ਵੇਲੇ "ਤਿਆਰ-ਬਰ-ਤਿਆਰ" ਰਹਿ ਕੇ ਆਪਣੇ ਹਿਰਦੇ ਰੂਪੀ ਰਸੀਵਰ (Receiver) ਨੂੰ ਚੇਤੰਨ ਰੱਖ ਕੇ ਗੁਰ-ਹੁਕਮਾਂ ਨੂੰ ਮਨ ਵਸਾਉਣਾ ਹੈ, ਸਤਿਗੁਰੂ ਵਲੋਂ ਬਖਸ਼ੀ ਸਰਦਾਰੀ ਨੂੰ ਬਰਕਰਾਰ ਰੱਖਣਾ ਹੈ, ਆਪਣੀ ਪੱਗ ਨੂੰ ਦਾਗ ਨਹੀਂ ਲੱਗਣ ਦੇਣਾ ਅਤੇ ਆਪਣਾ ਸਿਰ ਉੱਚਾ ਰੱਖਣਾ ਹੈ।

ਨੰਗੇ ਸਿਰ ਰਸੋਈ ਦਾ ਕੰਮ ਧੰਧਾ ਕਰਨ ਨਾਲ ਵਾਲ ਟੁੱਟ ਟੁੱਟ ਕੇ ਆਟੇ ਦਾਲ ਵਿਚ ਪੈਂਦੇ ਰਹਿੰਦੇ ਹਨ, ਜਿਹੜੇ ਸਿਹਤ ਲਈ ਬਹੁਤ ਹਾਨੀਕਾਰਕ ਹਨ। ਉਪ੍ਰੇਸ਼ਨ ਕਰਨ ਸਮੇਂ ਕਿਸੇ ਵੀ ਡਾਕਟਰ ਜਾਂ ਨਰਸ ਨੂੰ ਆਪਣਾ ਸਿਰ ਨੰਗਾ ਰੱਖਣ ਦੀ ਬਿਲਕੁਲ ਆਗਿਆ ਨਹੀਂ, ਕਿਉਂਕਿ ਨੰਗੇ ਸਿਰੋਂ ਵਾਲਾਂ ਦਾ ਇੱਕ ਵੀ ਡਿੱਗਾ ਕਿਣਕਾ ਮਰੀਜ਼ ਦੇ ਸਰੀਰ ਅੰਦਰ ਜਾਣ ਕਾਰਨ ਉਸਦੀ ਜਾਨ ਦਾ ਖੌ ਬਣ ਸਕਦਾ ਹੈ। ਪਾਠਕ ਜੀ ! ਜ਼ਰਾ ਸੋਚੋ, ਸਤਿਗੁਰੂ ਕਲਗੀਆਂ ਵਾਲੇ ਕਿੰਨੀ ਦੀਰਘ ਦ੍ਰਿਸ਼ਟੀ ਵਾਲੇ ਸਨ, ਜਿਨ੍ਹਾਂ ਨੇ ਆਪਣੇ ਸਿੱਖਾਂ ਨੂੰ ਹੁਕਮ ਦਿਤਾ "ਪਾਗ ਚੁਨੈ ਕਰ ਬਾਂਧਈ।"

"ਹਉ ਗੋਸਾਈ ਦਾ ਪਹਿਲਵਾਨੜਾ ॥ ਮੈ ਗੁਰ ਮਿਲਿ ਉਚ ਦੁਮਾਲੜਾ ॥"

(ਸਿਰੀਰਾਗੁ ਮ: ੫, ਪੰਨਾ ੭੪)

ਅਸੀਂ ਆਪਣੇ ਸਤਿਗੁਰੂ ਦੇ ਪਹਿਲਵਾਨ ਹਾਂ। ਸਾਡੀ ਪਿੱਠ ਤੇ ਸਤਿਗੁਰੂ ਸੱਚੇ ਪਾਤਸ਼ਾਹ ਦਾ ਹੱਥ ਹੈ। ਸਤਿਗੁਰੂ ਦੀ ਛਤਰ ਛਾਇਆ ਦਾ ਸਦਕਾ ਅਸੀਂ ਉਚ ਦੁਮਾਲੜੇ (ਦਸਤਾਰ) ਵਾਲੇ ਸਿਰਦਾਰ ਹਾਂ। ਅਸੀਂ ਪੰਜਾਂ ਚੋਰਾਂ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ) ਦਾ ਟਾਕਰਾ ਕਰਨਾ ਹੈ ਅਤੇ ਆਪਣੇ ਸਤਿਗੁਰੂ ਦੀ ਓਟ


www.AKJ.Org

ਲੈ ਕੇ ਇਸ ਦੁਨੀਆ ਦੇ ਭਵ ਸਾਗਰ ਤੋਂ ਪਾਰ ਹੋਣਾ ਹੈ । ਅਸੀਂ ਆਪਣੇ ਸਤਿਗੁਰੂ ਨਾਲ ਮਿਲ ਕੇ ਹੀ "ਉੱਚੇ ਦੁਮਾਲੜੇ" ਵਾਲੇ ਹੋ ਸਕਾਂਗੇ । ਮਨ ਦੀ ਮੱਤ ਤਿਆਗ ਕੇ, ਗੁਰੂ ਦੀ ਮੱਤ ਗ੍ਰਹਿਣ ਕਰ ਕੇ, ਹਾਂ ਹਾਂ ਸਤਿਗੁਰੂ ਅੱਗੇ ਸੀਸ ਭੇਟ ਕਰ ਕੇ ਹੀ ਅਸੀਂ ਸਚਿਆਰ ਸਿੱਖ ਬਣ ਸਕਾਂਗੇ ।

ਜਦੋਂ ਅਸੀਂ ਸਤਿਗੁਰੂ ਅੱਗੇ ਸੀਸ ਭੇਟ ਕਰ ਦਿੱਤਾ ਤਾਂ ਫਿਰ ਆਪਣੇ ਮਨ ਦੀ ਮਤ ਤਾਂ ਰਹੀ ਹੀ ਨਾ । ਇਸ ਭਾਂਡੇ (ਸਰੀਰ) ਵਿਚੋਂ "ਹਉਮੈ" ਨਿਕਲਣ ਸਦਕਾ ਹੀ ਗੁਰੂ ਦੀ ਮੱਤ (ਗੁਰਮਤਿ) ਸਮਾਵੇਗੀ । ਭਰੇ ਹੋਏ ਭਾਂਡੇ ਵਿੱਚ ਕੋਈ ਹੋਰ ਚੀਜ਼ ਸਮਾ ਹੀ ਨਹੀਂ ਸਕਦੀ, ਜਿੰਨੀ ਦੇਰ ਉਸ ਨੂੰ ਖਾਲੀ ਨਾ ਕੀਤਾ ਜਾਏ । ਜਿੰਨੀ ਦੇਰ ਅਸੀਂ ਆਪਣੇ ਮਨ ਦੀ ਮੱਤ ਅਨੁਸਾਰ "ਗੁਰਮਤਿ" ਤੇ ਕਿੰਤੂ ਕਰਦੇ ਰਹਾਂਗੇ ਅਸੀਂ ਦੁਚਿੱਤੀ (ਦੁਬਿਧਾ) ਵਿੱਚ ਹੀ ਫਸੇ ਰਹਾਂਗੇ । ਸਤਿਗੁਰੂ ਜੀ ਕਹਿੰਦੇ ਹਨ—"ਦੁਬਿਧਾ ਰਾਤੇ ਮਹਲੁ ਨ ਪਾਵਹਿ ।" ਸਾਨੂੰ ਆਪਣੇ ਸਤਿਗੁਰੂ ਦੇ ਦਰ ਘਰ ਦੀ ਸੋਝੀ ਨਹੀਂ ਹੋ ਸਕੇਗੀ । ਅਸੀਂ ਭਜਨ ਬੰਦਗੀ ਨਹੀਂ ਕਰ ਸਕਾਂਗੇ, ਸਾਡੀ ਬਿਰਤੀ ਖਿੰਡੀ-ਪੁੰਡੀ ਹੀ ਰਹੇਗੀ ਅਤੇ "ਸੁਰਤਿ ਸ਼ਬਦ" ਦਾ ਮੇਲ ਨਹੀਂ ਹੋ ਸਕੇਗਾ, ਤਾਂ ਤੇ ਜ਼ਰੂਰੀ ਹੈ ਕਿ ਅਸੀਂ ਦੁਬਿਧਾ ਤੋਂ ਉਪਰ ਉਠੀਏ ਅਤੇ ਗੁਰ-ਹੁਕਮਾਂ ਨੂੰ ਸਤਿ ਕਰ ਕੇ ਮੰਨੀਏ ।

ਅੰਮ੍ਰਿਤ ਛਕ ਕੇ "ਸਾਬਤ ਸੂਰਤਿ ਸਿਰ ਦਸਤਾਰ" ਵਾਲੇ ਰਹਿਤਵਾਨ ਸਿੰਘ ਸਿੰਘਣੀਆਂ ਅਥਵਾ ਖਾਲਸਾ ਬਣੀਏ ਅਤੇ ਸਤਿਗੁਰੂ ਦੇ ਹੁਕਮ—"ਕੰਘਾ ਦੋਨੋ ਵਕਤ ਕਰ, ਪਾਗ ਚੁਨੈ ਕਰ ਬਾਂਧਈ" ਤੇ ਪੂਰਾ ਪਹਿਰਾ ਦੇਈਏ । ਇਤੁ ਮਾਰਗਿ ਚਲੇ ਭਾਈਅੜੇ ਗੁਰੁ ਕਹੈ ਸੁ ਕਾਰ ਕਮਾਇ ਜੀਉ ॥

ਤਿਆਗੇਂ ਮਨ ਕੀ ਮਤੜੀ, ਵਿਸਾਰੇਂ ਦੂਜਾ ਭਾਉ ਜੀਉ ॥(ਸੂਹੀ ਮ: ੫, ਗੁਣਵੰਤੀ—੭੬੩)

---

# ਸ੍ਰੀ ਮੁਕਤਸਰ ਵਿਖੇ ਮਹਾਨ ਅਖੰਡ ਕੀਰਤਨ ਸਮਾਗਮ

ਪੁਰਾਤਨ ਤੇ ਨਵੀਨ ਸ਼ਹੀਦਾਂ ਦੀ ਯਾਦ ਵਿਚ, ਦਸਮੇਸ਼ ਜੀ ਦੀ ਚਰਨ-ਛੁਹ ਨਾਲ ਪਵਿਤਰ ਹੋਈ ਧਰਤੀ ਵਿਖੇ, ਜਿਥ ਭਾਈ ਮਹਾਂ ਸਿੰਘ ਜੀ ਨੇ ਟੁੱਟੀ ਗੰਢੀ, ਅਖੰਡ ਕੀਰਤਨੀ ਜਥਿਆਂ ਵਲੋਂ ਮਹਾਨ ਸਮਾਗਮ ਹੋ ਰਹੇ ਹਨ । ਅੰਮ੍ਰਿਤ ਕੀਰਤਨ ਦੇ ਲਾਹੇ ਪ੍ਰਾਪਤ ਕਰਨ ਲਈ ਸੰਗਤਾਂ ਹੁਮਾ-ਹੁਮਾ ਕੇ ਦਰਸ਼ਨ ਬਖਸ਼ਣ । ਪ੍ਰੋਗਰਾਮ—

੨੭ ਨਵੰਬਰ ਸਵੇਰ ੫ ਵਜੇ ਅਰੰਭ ਸ੍ਰੀ ਅਖੰਡ ਪਾਠ

੨੮ ਨਵੰਬਰ ਸ਼ਾਮ ਚੌਕੀ ਸਾਹਿਬ ਉਪਰੰਤ ੧੧ ਵਜੇ ਤਕ ਅਖੰਡ ਕੀਰਤਨ

੨੯ ਨਵੰਬਰ ਸਵੇਰੇ ਭੋਗ ਸ੍ਰੀ ਅਖੰਡ ਪਾਠ, ਉਪਰੰਤ ੧੧ ਵਜੇ ਤਕ ਅਖੰਡ ਕੀਰਤਨ

ਦੁਪਹਿਰ ਪਿਛੋਂ ਅੰਮ੍ਰਿਤ-ਸੰਚਾਰ ਸਮਾਗਮ, ਰਾਤ ਰੈਣ ਸਬਾਈ ਕੀਰਤਨ, ੩੦ ਨਵੰਬਰ ਐਤਵਾਰ ਸਵੇਰ ਸਮਾਪਤੀ

ਰਿਹਾਇਸ਼—ਲੜਕੀਆਂ ਦੇ ਹਾ: ਸੈ: ਸਕੂਲ ਵਿਖੇ ਅਤੇ ਲੰਗਰ ਦਾ ਪਰਬੰਧ ਗੁਰੂ ਕੇ ਲੰਗਰ ਵਿਖੇ ।
ਲੋੜ ਅਨੁਸਾਰ ਬਿਸਤਰੇ ਨਾਲ ਲਿਆਓ ।

**ਪੁਛ ਗਿਛ**—ਭਾਈ ਗੁਰਦੇਵ ਸਿੰਘ, ੩੮੧੨ ਮਲੋਟ ਰੋਡ, ਮੁਕਸਰ, ੨. ਭਾਈ ਨਿਧਾਨ ਸਿੰਘ ਮੋਗੇ ਵਾਲੇ,
੩. ਭਾਈ ਬੰਤਾ ਸਿੰਘ, ਨੇੜੇ ਸੇਤੀਆ ਆਇਲ ਸਟੋਰ, ਅਬੋਹਰ ਰੋਡ, ਮੁਕਤਸਰ ।

ਦਰਸ਼ਨ ਅਭਿਲਾਖੀ—ਸਮੂਹ ਸੰਗਤ ਅਤੇ ਮੈਨੇਜਰ ਸ੍ਰੀ ਦਰਬਾਰ ਸਾਹਿਬ, ਮੁਕਤਸਰ

---

# ਅਨਹਦ ਸ਼ਬਦ—ਦਸਮ ਦੁਆਰ

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਲਿਖਤ ਪੁਸਤਕ ਅਨਹਦ ਸ਼ਬਦ—ਦਸਮ ਦੁਆਰ ਕਿੰਨੇ ਚਿਰ ਤੋਂ ਖਤਮ ਸੀ । ਹੁਣ ਨਵੇਂ ਰੂਪ ਵਿਚ ਛਪ ਗਈ ਹੈ । ਭੇਟਾ ਸੁੰਦਰ ਜਿਲਦ ਸਮੇਤ 6/-

| | | | |
|---|---|---|---|
| ਗੁਰਮਤਿ ਕਰਮ ਫਿਲਾਸਫੀ | ੧੩-੫੦ | ਗੁਰਮਤਿ ਲੇਖ | ੫-੫੦ |
| ਨਾਮ ਤੇ ਨਾਮ ਦਾ ਦਾਤਾ ਸਤਿਗੁਰੂ | ੫-੫੦ | ਗੁਰਮਤਿ ਵਿਚਾਰ | ੫-੫੦ |
| ਝਟਕਾ ਮਾਸ ਪ੍ਰਥਾਇ ਨਿਰਣੈ | ੩-੦੦ | ਗੁਰਮਤਿ ਪ੍ਰਕਾਸ਼ | ੩-੭੫ |
| ਗੁਰਮਤਿ ਰਮਜ਼ਾਂ | ੧-੩੦ | ਤਿਮਰ ਅਗਿਆਨ ਤੋਂ ਚਾਨਣਾ | ੦-੨੫ |
| ਅੰਮ੍ਰਿਤ ਕਲਾ | ੦-੫੦ | ਬਾਬਾ ਵੈਦ ਰੋਗੀਆਂ ਦਾ | ੦-੩੦ |
| ਉਮਰ ਕੈਦੀ ਦਾ ਸੁਪਨਾ | ੦-੪੦ | ਅਦ੍ਰਿਸ਼ਟ ਵਾਹਿਗੁਰੂ ਦੇ ਪ੍ਰਤੱਖ ਦਰਸ਼ਨ | ੦-੩੫ |
| ਸਬਦੁ ਗੁਰ ਪੀਰਾ | ੦-੪੦ | ਗੁਰੁ ਮੇਰੈ ਸੰਗਿ ਸਦਾ ਹੈ ਨਾਲੇ | ੦-੨੫ |
| ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ | ੦-੪੦ | ਗੁਰਬਾਣੀ ਦੀ ਪਾਰਸ ਕਲਾ | ੦-੪੦ |
| ਕੀ ਕੇਸ ਰਖਣੇ ਜ਼ਰੂਰੀ ਹਨ ? | ੦-੩੦ | ਗੁਰਮਤਿ ਅਨਹਦ ਸ਼ਬਦ | ੦-੨੫ |
| ਗੁਰਸਿਖ ਰਹਿਣੀ (ਪ੍ਰੋ: ਅਮਰਜੀਤ ਕੌਰ) | ੦-੪੦ | ਜੀਵਨ ਚਰਿਤ੍ਰ ਭਾ: ਸਾ: ਰਣਧੀਰ ਸਿੰਘ ਜੀ | ੧-੦੦ |
| ਵੈਸਾਖੀ ਦਾ ਖੂਨੀ ਸਾਕਾ ਤੇ ਸ਼ਹੀਦੀ ਜੀਵਨ | ੧-੫੦ | ਤਉ ਕਿਉ ਮੁਰਗੀ ਮਾਰੈ (ਤਲਵਾੜਾ ਜੀ) | ੦-੫੦ |

www.AKJ.Org

# ਸਿੱਖ ਧਰਮ ਵਿਚ ਕੀਰਤਨ ਦੀ ਕੀ ਮਹੱਤਤਾ ਹੈ ?

[ਵਲੋਂ—ਡਾਕਟਰ ਗੋਬਿੰਦ ਸਿੰਘ ਜੀ ਮਨਸੁਖਾਨੀ]

ਕੀਰਤਨ ਦਾ ਭਾਵ ਹੈ ਪਰਮਾਤਮਾ ਦੇ ਗੁਣ ਗਾਇਨ ਕਰਨਾ । ਇਹ ਇਕ ਤਰ੍ਹਾਂ ਸੰਗੀਤ ਦੁਆਰਾ ਪ੍ਰਭੂ ਭਗਤੀ ਹੈ । ਆਮ ਤੌਰ ਤੇ ਗੁਰਦੁਆਰੇ ਵਿਚ ਰਾਗੀ ਕੀਰਤਨ ਕਰਦੇ ਹਨ ਤੇ ਸੰਗਤ ਸੁਣਦੀ ਹੈ । ਕਦੇ ਕਦੇ ਰਾਗੀ, ਸੰਗਤ ਨੂੰ ਸ਼ਬਦ ਦੀਆਂ ਤੁਕਾਂ ਦਾ, ਨਾਲ ਰਲ ਕੇ ਕੀਰਤਨ ਲਈ ਬੇਨਤੀ ਕਰਦੇ ਹਨ । ਇਸ ਤਰ੍ਹਾਂ ਸੰਗਤੀ ਸ਼ਬਦ ਗਾਇਨ ਹੁੰਦਾ ਹੈ, ਜਿਸ ਨਾਲ ਮਨ ਨੂੰ ਬੜੀ ਹੀ ਸ਼ਾਂਤੀ ਮਿਲਦੀ ਹੈ । ਇਹ ਪਵਿਤਰ ਸੰਗੀਤ, ਜਿਸ ਨੂੰ ਗੁਰਮਤਿ ਸੰਗੀਤ ਵੀ ਕਿਹਾ ਜਾਂਦਾ ਹੈ, ਦੋ ਤਰ੍ਹਾਂ ਦਾ ਹੈ : ਪੱਕੇ ਰਾਗਾਂ ਵਿਚ ਕੀਰਤਨ ਅਤੇ ਲੋਕ-ਧਾਰਨਾਵਾਂ ਵਿਚ ਕੀਰਤਨ । ਪੱਕੇ ਰਾਗ ਦੀ ਪਰੰਪਰਾ ਨੂੰ, ਭਗਤੀ ਸੰਗੀਤ ਦੀਆਂ ਲੋੜਾਂ ਅਨੁਸਾਰ ਬਾਹਰਲੀ ਸਜ ਧਜ ਜਾਂ ਹਾਵ ਭਾਵ ਤੋਂ ਮੁਕਤ ਕਰ ਦਿਤਾ ਗਿਆ । ਲੋਕ-ਧੁਨੀਆਂ ਵਿਚ ਗਾਥਾ-ਕਾਵਿ ਦੇ ਰੂਪ ਵਿਚ ਵਾਰਾਂ ਹੁੰਦੀਆਂ ਹਨ, ਜਿਨ੍ਹਾਂ ਨੂੰ ਗੁਰੂ ਸਾਹਿਬਾਨ ਨੇ ਅਪਣਾ ਕੇ ਪ੍ਰਭੂ-ਉਸਤਤੀ ਕੀਤੀ ।

ਗੁਰੂ ਸਾਹਿਬ ਨੇ ਕੁਝ ਨਿਸਚਿਤ ਰਾਗਾਂ ਵਿਚ ਗਾਉਣ ਲਈ ਬਾਣੀ ਰਚੀ । ਰਾਗਾਂ ਦੀਆਂ ਇਹ ਸੁਰ-ਲਿਪੀਆਂ ਬਾਣੀ ਦੇ ਅੰਤਰ-ਆਤਮੇ ਚਲ ਰਹੇ ਭਾਵਾਂ ਤੇ ਵਿਸ਼ੇ ਅਨੁਸਾਰ ਹਨ । ਕਿਸੇ ਸ਼ਬਦ ਨੂੰ ਗਾਉਣ ਦਾ ਸਭ ਤੋਂ ਉਤਮ ਢੰਗ, ਉਸ ਨੂੰ ਉਸ ਦੇ ਨਿਸਚਿਤ ਰਾਗ ਤੇ ਰਾਗ ਦੀਆਂ ਨਿਸਚਿਤ ਧੁਨੀਆਂ ਅਨੁਸਾਰ ਹੀ ਗਾਉਣਾ ਹੈ । ਗੁਰੂ ਸਾਹਿਬਾਨ ਨੇ ਬਾਣੀ ਦੇ ਮਜ਼ਮੂਨ ਨੂੰ ਰਾਗ ਦੀਆਂ ਖਾਸੀਅਤਾਂ ਨਾਲ ਇਕ-ਸੁਰ ਕਰ ਦਿੱਤਾ ਸੀ । ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ੩੧ ਰਾਗ ਵਰਤੇ ਗਏ ਹਨ ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅੰਮ੍ਰਿਤ ਵੇਲੇ ਕੀਰਤਨ ਕਰਨ ਦਾ ਉਪਦੇਸ਼ ਕੀਤਾ, ਕਿਉਂਕਿ ਇਕਾਂਤ ਦੀਆਂ ਉਨ੍ਹਾਂ ਘੜੀਆਂ ਵਿਚ, ਸੰਗੀਤ ਦੇ ਮਧਮ ਸੁਰ ਵਿਚ ਅਲਾਪ ਮਨ ਨੂੰ ਭਾਉਂਦੇ ਹਨ । ਅੰਮ੍ਰਿਤ ਵੇਲੇ ਦਾ ਸ਼ਾਂਤ ਵਾਤਾਵਰਨ ਨਾਮ ਦੀ ਦੁਖ-ਹਰਤਾ ਸ਼ਕਤੀ ਨੂੰ ਹਿਰਦੇ ਅੰਦਰ ਸਮਾਉਣ ਵਿਚ ਸਹਾਈ ਹੁੰਦਾ ਹੈ । ਗੁਰੂ ਸਾਹਿਬਾਨ ਦੇ ਕਥਨ ਅਨੁਸਾਰ ਕੀਰਤਨ ਆਤਮਾ ਦੀ ਖ਼ੁਰਾਕ ਹੈ । ਇਹ ਇਕ ਐਸਾ ਖ਼ਜਾਨਾ ਹੈ ਜੋ ਕਦੇ ਨਿਖੁਟਦਾ ਨਹੀਂ । ਜੋ ਵੀ ਕੀਰਤਨ ਕਰਦਾ ਜਾਂ ਸੁਣਦਾ ਹੈ ਉਹ ਰੱਬ ਦੇ ਨੇੜੇ ਹੋ ਜਾਂਦਾ ਹੈ । ਉਸ ਦੇ ਦੁਖ ਤੇ ਕਲੇਸ਼ ਮਿਟ ਜਾਂਦੇ ਹਨ ਅਤੇ ਉਸ ਦਾ ਮਨ ਟਿਕਾਉ ਵਿਚ ਆ ਕੇ ਸ਼ਾਂਤ ਹੋ ਜਾਂਦਾ ਹੈ ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਸਾਥੀ ਭਾਈ ਮਰਦਾਨਾ ਜੀ ਨੂੰ ਹਰ ਵੇਲੇ ਕੀਰਤਨ ਕਰਨ ਲਈ ਉਤਸ਼ਾਹਿਤ ਕੀਤਾ । ਗੁਰੂ ਅਮਰਦਾਸ ਜੀ ਨੇ ਸੰਗਤ ਨੂੰ ਮਿਲ ਕੇ ਕੀਰਤਨ ਕਰਨ ਲਈ ਪ੍ਰੇਰਿਆ । ਭਾਵੇਂ ਉਪਜੀਵਕਾ ਕਮਾਣ ਵਾਲੇ ਪੇਸ਼ਾਵਰ ਚੰਗੇ ਰਾਗੀ ਬਥੇਰੇ ਮਿਲ ਜਾਂਦੇ ਹਨ, ਪਰ ਸਭ ਤੋਂ ਉਤਮ ਕੀਰਤਨ ਓਹੀ ਹੈ ਜਿਸ ਵਿਚ ਸਾਰੀ ਸੰਗਤ ਮਿਲ ਕੇ ਕੀਰਤਨ ਕਰੇ, ਕਿਉਂਕਿ ਇਸ ਪਵਿਤਰ ਆਤਮਕ ਖ਼ੁਰਾਕ ਦੀ ਹਰ ਕਿਸੇ ਨੂੰ ਲੋੜ ਹੈ । ਸਿੱਖ ਨਿਤ ਇਹ ਅਰਦਾਸ ਕਰਦੇ ਹਨ ਕਿ ਪ੍ਰਭੂ ਉਨ੍ਹਾਂ ਨੂੰ ਸਮਰੱਥਾ ਦੇਵੇ ਤੇ ਉਹ ਉਸ ਦੇ ਗੁਣ ਗਾਂਦੇ ਰਹਿਣ ।

ਸੰਗੀਤ ਦੇ ਹਿਰਦੇ ਨੂੰ ਛੁਹਣ ਵਾਲੇ ਧੀਮੇ ਧੀਮੇ ਅਲਾਪ ਆਤਮਾ ਨੂੰ ਉਸ ਤਰ੍ਹਾਂ ਖੇੜਾ ਦੇਂਦੇ ਹਨ ਜਿਵੇਂ ਰਿਮਝਿਮ, ਰਿਮਝਿਮ ਪੈ ਰਹੀ ਵਰਖਾ ਮਨ ਨੂੰ ਖੇੜਾ ਦੇਂਦੀ ਹੈ । ਆਤਮਾ ਇਸ ਸੰਗੀਤ-ਮਈ ਅੰਮ੍ਰਿਤ ਵਰਖਾ ਵਿਚ ਤ੍ਰਿਪਤ ਹੁੰਦੀ ਹੈ ਅਤੇ ਕੀਰਤਨ ਦੁਆਰਾ ਅਲਾਪੇ ਇਲਾਹੀ ਸ਼ਬਦ ਵਿਚ ਲੀਨ ਹੋ ਜਾਂਦੀ ਹੈ । ਜੇਕਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸ਼ਬਦ ਵਖ ਵਖ ਰਾਗਾਂ ਵਿਚ ਉਚਰੇ ਹੋਏ ਨਾ ਹੁੰਦੇ ਤਾਂ ਭਾਰਤ ਦਾ ਭਗਤੀ-ਸੰਗੀਤ ਕਦੇ ਵੀ ਇਨ੍ਹਾਂ ਸਿੱਖਰਾਂ ਨੂੰ ਨਹੀਂ ਸੀ ਛੁਹ ਸਕਣਾ, ਜੋ ਹੁਣ ਦਿਸਦਾ ਹੈ ।

---

**'ਸੂਰਾ' ਮਾਸਕ ਪੱਤਰ ਦਾ ਛੇ ਸਾਲਾਂ ਦਾ ਹਿਸਾਬ-ਕਿਤਾਬ ਆਡਿਟ ਹੋ ਰਿਹਾ ਹੈ । ਆਉਂਦੇ ਪਰਚੇ ਵਿਚ ਛਪ ਸਕੇਗਾ ।**


www.AKJ.org

# ਡਡਲੇ (ਯੂ.ਕੇ.) ਵਿਖੇ ਰੈਣ ਸਬਾਈ ਕੀਰਤਨ

ਸਰਬਤ ਯੂ. ਕੇ. ਨਿਵਾਸੀ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਡਡਲੇ ਵਿਖੇ ੩ ਜਨਵਰੀ ੧੯੮੧ ਦੀ ਰਾਤ ਨੂੰ ਹੋ ਰਹੇ ਰੈਣ ਸਬਾਈ ਕੀਰਤਨ ਵਿਖੇ ਦਰਸ਼ਨ ਦੇ ਕੇ ਨਿਹਾਲ ਕਰੋ।

ਪੁਛਗਿਛ : ਭਾਈ ਮਨਜੀਤ ਸਿੰਘ, ਫੋਨ ੦੨੧-੪੨੯-੨੮੪੩

ਦਾਸਰੇ—ਕੁਲਦੀਪ ਸਿੰਘ ਅਜੈਬ ਸਿੰਘ ਡਡਲੇ ੦੩੮੪-੫੭੨੬੭

# ਸ਼ਹੀਦਾਂ ਦੀ ਯਾਦ ਵਿਚ ਸ੍ਰੀ ਅੰਮ੍ਰਿਤਸਰ ਵਿਖੇ ਰੈਣ ਸਬਾਈ ਕੀਰਤਨ

ਸ਼ਹੀਦਾਂ ਦੇ ਸਸਕਾਰ ਅਸਥਾਨ(ਗੁਰਦਵਾਰਾ ਰਾਮਸਰ ਦੇ ਸਾਹਮਣੇ)ਮਾਸਕ ਰੈਣ ਸਬਾਈ ੧੫ ਨਵੰਬਰ ਸ਼ਨੀਵਾਰ ਦੀ ਰਾਤ ਨੂੰ ਹੋ ਰਹੀ ਹੈ। ਸੰਗਤਾਂ ਗੁਰਬਾਣੀ ਕੀਰਤਨ ਦੇ ਲਾਹੇ ਪ੍ਰਾਪਤ ਕਰਨ।

# ਪਿੰਡ ਸੰਘੇੜਾ (ਸੰਗਰੂਰ) ਵਿਖੇ ਮਾਸਕ ਰੈਣ ਸਬਾਈ ਕੀਰਤਨ

ਭਾਈ ਜਗੀਰ ਸਿੰਘ ਜੀ ਦੇ ਗ੍ਰਹਿ ਵਿਖੇ ੮ ਨਵੰਬਰ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਆਇ ਜੁੜੋ ਤੇ ਲਾਹੇ ਪ੍ਰਾਪਤ ਕਰੋ। ਪਿੰਡ ਸੰਘੇੜਾ ਰਾਏਕੋਟ—ਬਰਨਾਲਾ ਰੋਡ ਤੇ, ਬਰਨਾਲਾ ਤੋਂ ਡੇਢ ਮੀਲ ਤੇ ਹੈ। ਪੁਛ ਗਿਛ—ਮਾ: ਉਜਾਗਰ ਸਿੰਘ ਖਾਲਸਾ, ਫਰਵਾਲੀ, ਡਾਕ ਘਰ ਲੋਹਟਬਧੀ (ਸੰਗਰੂਰ)

# ਰੰਧਾਵਾ ਮਸੰਦਾਂ (ਜਲੰਧਰ) ਵਿਖੇ ਰੈਣ ਸਬਾਈ ਤੇ ਅੰਮ੍ਰਿਤ ਸਿੰਚਾਰ

ਭਾ: ਸੁਬੇਗ ਸਿੰਘ ਜੀ ਪਿੰਡ ਮੰਨਣ ਸੂਚਨਾ ਦਿੰਦੇ ਹਨ ਕਿ ਰੰਧਾਵਾ ਮਸੰਦਾਂ ਵਿਖੇ ੧੫ ਨਵੰਬਰ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਤੇ ਅੰਮ੍ਰਿਤ ਸਿੰਚਾਰ ਹੋਣਗੇ। ਜਲੰਧਰ ਤੋਂ ਇਹ ਪਿੰਡ ਚਾਰ ਕਿਲੋ ਮੀਟਰ ਹੈ ਅਤੇ ਭਗਤ ਸਿੰਘ ਚੌਕ ਜਲੰਧਰ ਤੋਂ, ਆਦਮਪੁਰ ਬਸ ਅਡੇ ਤੋਂ, ਕਰਤਾਰਪੁਰ ਬਸ ਅਡੇ ਤੋਂ ਤੇ ਭੋਗਪੁਰ ਤੋਂ ਟਰਾਲੀਆਂ ਸ਼ਾਮ ਸਤ ਵਜੇ ਪਿੰਡ ਲਈ ਚਲਣਗੀਆਂ। ਸੰਗਤਾਂ ਪੁਜ ਕੇ ਲਾਭ ਉਠਾਉਣ।

# ਮੋਗੇ ਵਿਖੇ ਕੀਰਤਨ ਰੈਣ ਸਬਾਈ

ਭਾਈ ਗੁਰਬਖਸ਼ ਸਿੰਘ, ਅਹਾਤਾ ਬਦਨ ਸਿੰਘ ਮੋਗਾ ਦੇ ਗ੍ਰਹਿ ਵਿਖੇ ਇਲਾਕੇ ਦੇ ਅਖੰਡ ਕੀਰਤਨੀ ਜਥਿਆਂ ਵਲੋਂ ੧੫ ਨਵੰਬਰ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਮਾਈ ਭਾਈ ਪੁਜ ਕੇ ਅਨੰਦ ਮਾਣਨ। ਪ੍ਰਾਰਥਕ ਦਾਸਰੇ—ਅਖੰਡ ਕੀਰਤਨੀ ਜਥਾ ਜ਼ਿਲਾ ਫੀਰੋਜ਼ਪੁਰ, ਫ਼ਰੀਦ ਕੋਟ, ਬਠਿੰਡਾ

# ਪਿੰਡਾਂ ਵਿਚ ਕੀਰਤਨ ਤੇ ਗੁਰਮਤਿ ਪਰਚਾਰ

ਭਾਈ ਸੁਬੇਗ ਸਿੰਘ ਜੀ ਅਖੰਡ ਕੀਰਤਨੀ ਜਥਾ (ਚਲਦਾ ਵਹੀਰ) ਮੰਨਣ ਸੂਚਨਾ ਦਿੰਦੇ ਹਨ ਕਿ ਹੇਠ ਲਿਖੇ ਪਿੰਡਾਂ ਵਿਖੇ ਸ਼ਾਮ ਨੂੰ ੮ ਤੋਂ ੧੧ ਤਕ ਕੀਰਤਨ ਪ੍ਰੋਗਰਾਮ ਹੋ ਰਹੇ ਹਨ—

ਨਵੰਬਰ ੧—ਰੈਣ ਸਬਾਈ ਮਾਲੜੀ, ੨—ਟਾਹਲੀ ਸਾਹਿਬ (ਗ੍ਰਹਿ ਭਾ: ਜਰਨੈਲ ਸਿੰਘ), ੩—ਬਲ, ੪—ਨਵਾਂ ਠਠਾ ਟਿਬਾ, ੫—ਮੰਨਣ, ੬—ਰਜਬ, ੭—ਸਿਵਦਾਸ ਪੁਰ. ੯—ਮਾਂਗੇ ਕੇ,੧੦—ਬਲ,੧੧—ਚਕਰਾਲਾ, ੧੨—ਮੰਨਣ, ੧੩—ਦੋਦੇ, ੧੪—ਤਲਵੰਡੀ, ੧੫—ਰੰਧਾਵਾ ਮਸੰਦਾਂ ਰੈਣ ਸਬਾਈ ਅਤੇ ਅੰਮ੍ਰਿਤ ਸਿੰਚਾਰ, ੧੬—ਬਾਹੋ ਪੁਰ, ੧੮—ਸਦਾਣੇ, ੧੯—ਰਹੀਮਪੁਰ, ੨੦—ਦਾਸੂ ਪੁਰ, ੨੧—ਰਸੂਲਪੁਰ, ੨੨-੨੩—ਜਲੰਧਰ ਸਾਲਾਨਾ ਸਮਾਗਮ, ੨੫—ਚੀਮਾ, ੨੭—ਘੁਗਾ, ੨੮—ਘੁਗਾ ਸ਼ੋਰ, ੩੦—ਮਹਿਤਪੁਰ, ੨—ਦਸੰਬਰ ਕਿਸ਼ਨ ਗੜਾ ਇਠੀ।



www.AKJ.Org

# 'ਸੂਰਾ' ਮਾਸਕ ਪੱਤਰ ਦੇ ਨਵੇਂ ਅਮਾਨਤੀ ਲਾਈਫ ਮੈਂਬਰ

ਹੇਠਾਂ ਦਰਜ ਪਾਠਕਾਂ ਵਲੋਂ ਸੌ ਸੌ ਰੁਪਏ ਪੁਜੇ ਹਨ। ਬੈਂਕ ਚੋਂ ਬਣਵਾਈਆਂ ਐਫ ਡੀਆਂ ਦੇ ਨੰਬਰ ਇਸ ਤਰ੍ਹਾਂ ਹਨ :–

| | | | |
|---|---|---|---|
| 694. ਸ: ਬਲਦੇਵ ਸਿੰਘ ਗਰੇਵਾਲ | (ਚਿਟ ਨੰ: 3694) | 171057/1066/80 | ਮਿਤੀ 27.10.80 |
| 695. ਗਿ: ਅਮਰੀਕ ਸਿੰਘ ਟੀਚਰ | ( ,, 3695) | 171058/1067/80 | ,, |
| 696. ਸ: ਜਸਵੰਤ ਸਿੰਘ ਟੀਚਰ | ( ,, 3696) | 171059/1068/80 | ,, |
| 697. ਸ: ਗੋਪਾਲ ਸਿੰਘ ਮਨਜੀਤ ਸਿੰਘ | ( ,, 3697) | 171060/1069/80 | ,, |
| 698. ਸ: ਜਗਜੀਵਨ ਸਿੰਘ ਫੀਰੋਜ਼ਪੁਰ | ( ,, 3698) | 171061/1070/80 | ,, |
| 699. ਸ: ਅਵਤਾਰ ਸਿੰਘ ਨਾਇਬ ਰੀਡਰ | ( ,, 3699) | 171062/1071/80 | ,, |
| 700. ਸ: ਹਰਜਿੰਦਰ ਸਿੰਘ A. F. ਹਿੰਡਨ | ( ,, 3700) | 171063/1072/80 | ,, |
| 701. ਸ: ਸੁਖਵਿੰਦਰਪਾਲ ਸਿੰਘ ਕਪੂਰਥਲਾ | ( ,, 3701) | 171064/1073/80 | ,, |
| 702. ਬੀ: ਵਰਿਆਮ ਕੌਰ ਅਨੂਪਇੰਦਰ ਸਿੰਘ | ( ,, 3702) | 171065/1074/80 | ,, |
| 703. ਸ: ਇਕਬਾਲ ਸਿੰਘ ਅੈਹਮਦਾਬਾਦ | ( ,, 3703) | 171066/1075/80 | ,, |
| 704. ਸ: ਤੇਜਿੰਦਰਪਾਲ ਸਿੰਘ ਖਾਲਸਾ | ( ,, 3704) | 171067/1076/80 | ,, |
| 705. ਸ: ਹਰਬੰਸ ਸਿੰਘ ਦਿੱਲੀ ਕੈਂਟ | ( ,, 3705) | 171068/1077/80 | ,, |
| 706. ਸ: ਰਾਮ ਸਿੰਘ ਖੇਤਰੀ ਨਗਰ | ( ,, 3706) | 171069/1078/80 | ,, |
| 707. ਸ. ਭਗਤ ਸਿੰਘ ਭਾਟੀਆ | ( ,, 3707) | 171070/1079/80 | ,, |
| 708. ਸ: ਹਰਜੀਤ ਸਿੰਘ ਹਾਪੁੜ | ( ,, 3708) | 171071/1080/80 | ,, |
| 709. ਸ: B. S ਨਰੂਲਾ ਨਵੀਂ ਦਿੱਲੀ | ( ,, 3709) | 171072/1081/80 | ,, |
| 710. ਸ: ਚਰਨਜੀਤ ਸਿੰਘS/oਆਤਮਾ ਸਿੰਘ | ( ,, 3710) | 171073/1082/80 | ,, |
| 711. ਸ: ਦਲੀਪ ਸਿੰਘ ਨਵੀਂ ਦਿੱਲੀ | ( ,, 3711) | 171074/1083/80 | ,, |
| 712. ਬੀਬੀ ਰਾਜਿੰਦਰ ਕੌਰ ਸਿਰੀ | ( ,, 3712) | 171075/1084/80 | ,, |
| 713. ਸ: ਉਜਾਗਰ ਸਿੰਘ ਦਿੱਲੀ | ( ,, 3713) | 171076/1085/80 | ,, |
| 714. ਸ: ਪ੍ਰੀਤਮ ਸਿੰਘ ਦਿੱਲੀ | ( ,, 3714) | 171077/1086/80 | ,, |
| 715. ਸ: ਮਦਨਮੋਹਨ ਸਿੰਘ ਦਲਜੀਤ ਸਿੰਘ | ( ,, 2715) | 171078/1087/80 | ,, |
| 716. ਸ: ਹਰਮੋਹਨ ਸਿੰਘ ਸਹਿਗਲ | ( ,, 3716) | 171079/1088/80 | ,, |
| 717. ਸ: ਦਰਸ਼ਨ ਸਿੰਘ ਡੇਹਰਾਦੂਨ | ( ,, 3717) | 171080/1089/80 | ,, |
| 718. ਸ: ਦਲੀਪ ਸਿੰਘ ਫਰਮਾਸਿਸਟ | ( ,, 3718) | 171081/1090/80 | ,, |
| 719. ਸ: ਮਨਮੋਹਨ ਸਿੰਘ ਮਥਰਾ | ( ,, 3719) | 171082/1091/80 | ,, |
| 720. ਸ: ਇਕਬਾਲ ਸਿੰਘ ਨਵੀਂ ਦਿੱਲੀ | ( ,, 3720) | 171083/1092/80 | ,, |
| 721. ਸ: ਕੁਲਵੰਤ ਸਿੰਘ ਗੋਇੰਦਵਾਲ ਸਾਹਿਬ | ( ,, 3721) | 171084/1093/80 | ,, |
| 722. ਸ: ਚਰਨਜੀਤ ਸਿੰਘ ਖਾਲਸਾ | ( ,, 3722) | 171085/1094/80 | ,, |
| 723. ਸ: ਹਰਭਜਨ ਸਿੰਘ ਭੂਪਾਲ | ( ,: 3723) | 171086/1095/30 | ,, |

## ਪਰਦੇਸਾਂ ਲਈ ਰੇਟ – ਅਮਾਨਤੀ ਲਾਈਫ਼ ਮੈਂਬਰ

ਯੂ. ਕੇ. ਅਫ਼ਰੀਕਾ 650/- ਅਰਬ ਮਲਾਇਆ ਆਦਿ 500/- ਕੈਨੇਡਾ ਅਮਰੀਕਾ 750/-

ਰਕਮ ਬੈਂਕ ਡਰਾਫਟ ਦੁਆਰਾ 'ਸੂਰਾ' ਅੰਮ੍ਰਿਤਸਰ ਦੇ ਨਾਂ ਭੇਜੋ।

www.AKJ.Org

# ਜਲੰਧਰ ਵਿਖੇ ਸਾਲਾਨਾ ਗੁਰਪੁਰਬ ਤੇ ਅਖੰਡ ਕੀਰਤਨ ਸਮਾਗਮ

## ੨੦ ਨਵੰਬਰ ਵੀਰਵਾਰ ਸਵੇਰ ਤੋਂ ੨੩ ਨਵੰਬਰ ਐਤਵਾਰ ਸਵੇਰ ਤਕ

ਹਰ ਸਾਲ ਵਾਂਗ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਉਤਸ਼ਵ ਗੁਰਪੁਰਬ ਜਲੰਧਰ ਸ਼ਹਿਰ ਵਿਖ ਅਖੰਡ ਕੀਰਤਨੀ ਜਥਿਆਂ ਵਲੋਂ ਮਨਾਇਆ ਜਾ ਰਿਹਾ ਹੈ। ਭਾ: ਸਾ: ਭਾਈ ਰਣਧੀਰ ਸਿੰਘ ਜੀ ਦੇ ਸੰਗੀ ਸਾਥੀ ਅਖੰਡ ਕੀਰਤਨੀ ਜਥੇ ਦੂਰੋਂ ਨੇੜਿਓਂ ਪੁਜਣਗੇ ਤੇ ਹਰਿ-ਜਸ ਕੀਰਤਨ ਦੇ ਲਾਹੇ ਭੁੰਚਾਉਣਗੇ। ਸਮੂਹ ਵੀਰ ਭੈਣਾ ਹਾਜ਼ਰੀਆਂ ਭਰ ਕੇ ਲਾਹੇ ਪ੍ਰਾਪਤ ਕਰੋ ਜੀ।

ਪ੍ਰੋਗਰਾਮ —

20 ਨਵੰਬਰ ਸਵੇਰੇ 3 ਤੋਂ 5 ਕੀਰਤਨ ਆਸਾ ਦੀ ਵਾਰ ਉਪਰੰਤ ਅਰੰਭ ਸ੍ਰੀ ਅਖੰਡਪਾਠ ਲਾਇਲਪੁਰ ਖਾ: ਹਾ: ਸੈ: ਸਕੂਲ
ਸ਼ਾਮ 6 ਤੋਂ 9 ਸੋਦਰ ਰਹਿਰਾਸ ਤੇ ਅਖੰਡ ਕੀਰਤਨ — ਗੁਰਦਵਾਰਾ ਮਹੱਲਾ ਮਖਦੂਮਪੁਰਾ, ਨਕੋਦਰ ਰੋਡ

21 ਨਵੰਬਰ ਸਵੇਰੇ 5 ਤੋਂ 10 ਕੀਰਤਨ ਆਸਾ ਦੀ ਵਾਰ — ਗੁਰਦਵਾਰਾ ਗੁਰੂ ਨਾਨਕ ਮਿਸ਼ਨ ਹਸਪਤਾਲ
ਸ਼ਾਮ 6 ਤੋਂ 9 ਸੋਦਰ ਰਹਿਰਾਸ ਤੇ ਅਖੰਡ ਕੀਰਤਨ — ਲਾਇਲਪੁਰ ਖਾ: ਹਾ: ਸੈ: ਸਕੂਲ

22 ਨਵੰਬਰ ਸਵੇਰੇ 5 ਵਜੇ ਭੋਗ ਸ੍ਰੀ ਅਖੰਡਪਾਠ, ਉਪਰੰਤ ਕੀਰਤਨ ੧੨ ਵਜੇ ਤਕ ,, ,, ,,
ਦੁਪਹਿਰ ਪਿਛੋਂ ਅੰਮ੍ਰਿਤ-ਸਿੰਚਾਰ ਸਮਾਗਮ ,, ,, ,,
ਸ਼ਾਮ 7-30 ਸੋਦਰ ਉਪਰੰਤ ਰੈਣ ਸਬਾਈ ਕੀਰਤਨ ਅਰੰਭ, ੨੩ ਨਵੰਬਰ ਸਵੇਰੇ ਸਮਾਪਤੀ ,, ,,

ਰਿਹਾਇਸ਼ ਤੇ ਲੰਗਰ—ਲਾਇਲਪੁਰ ਖਾਲਸਾ ਹਾਇਰ ਸੈਕੰਡਰੀ ਸਕੂਲ, ਨਕੋਦਰ ਰੋਡ, ਜਲੰਧਰ ਸ਼ਹਿਰ।

ਨੋਟ : ੧. ਬਾਹਰੋਂ ਆਈਆਂ ਸੰਗਤਾਂ ਆਪਣੇ ਬਿਸਤਰੇ ਨਾਲ ਲਿਆਉਣ। ੨. ਅਨੰਦ ਕਾਰਜ ਕਰਵਾਉਣ ਵਾਲੇ ਜੋੜੇ ਸਮੇਂ ਸਿਰ ਪੁਜ ਕੇ ਸੂਚਿਤ ਕਰਨ।

ਪੁੱਛ ਗਿੱਛ : ੧ ਕਰਨਲ ਦਲਜੀਤ ਸਿੰਘ, ਮਿੱਠਾ ਪੁਰ, ਜਲੰਧਰ। — ਪ੍ਰਾਰਥਕ ਦਾਸਰੇ—ਅਖੰਡ ਕੀਰਤਨੀ ਜਥਾ ਜਲੰਧਰ
੨. ਮੈਸਰਜ਼ ਜਸਵੰਤ ਸਿੰਘ ਹਰਭਜਨ ਸਿੰਘ, ਚੌਕ ਭਗਤ ਸਿੰਘ, ਜਲੰਧਰ, ਫੋਨ 75212

---

# ਆਗਰਾ ਵਿਖੇ ਅਦੁਤੀ ਅਖੰਡ ਕੀਰਤਨ ਸਮਾਗਮ

## 6 ਨਵੰਬਰ ਵੀਰਵਾਰ ਸ਼ਾਮ ਤੋਂ 9 ਨਵੰਬਰ ਐਤਵਾਰ ਸਵੇਰ ਤਕ

ਸਤਿਗੁਰੂ ਪਾਤਸ਼ਾਹ ਦੀ ਕਿਰਪਾ ਦੁਆਰਾ ਆਗਰੇ ਵਿਖੇ ਸਜ ਰਹੇ ਮਹਾਨ ਅਖੰਡ ਕੀਰਤਨ ਸਮਾਗਮ ਵਿਚ ਦਿਲੀ, ਗੜਗਾਵਾਂ, ਬਰੇਲੀ, ਲਖਨਊ, ਕਾਨਪੁਰ, ਜੈਪੁਰ, ਕੋਟਾ ਪਟਨਾ, ਮਥਰਾ, ਇਟਾਵਾ, ਮੈਨਪੁਰੀ, ਗਵਾਲੀਅਰ ਅਤੇ ਪੰਜਾਬ ਤੋਂ ਅਖੰਡ ਕੀਰਤਨੀ ਜਥੇ ਪੁਜ ਰਹੇ ਹਨ। ਸਮੂਹ ਮਾਈ ਭਾਈ ਪਰਵਾਰਾਂ ਸਮੇਤ ਦਰਸ਼ਨ ਬਖਸ਼ਣ ਦੀ ਕ੍ਰਿਪਾਲਤਾ ਕਰਨ।

ਪ੍ਰੋਗਰਾਮ

6 ਨਵੰਬਰ ਸ਼ਾਮ 6 ਤੋਂ 9 ਸੋਦਰ ਰਹਿਰਾਸ ਤੇ ਕੀਰਤਨ — ਗੁ: ਸ੍ਰੀ ਕਲਗੀਧਰ ਸਦਰ ਬਜ਼ਾਰ
7 ਨਵੰਬਰ ਸਵੇਰੇ 5½ ਤੋਂ 11½ ਕੀਰਤਨ ਆਸਾ ਦੀ ਵਾਰ — ਗੁ: ਸ੍ਰੀ ਗੁਰੂ ਸਿੰਘ ਸਭਾ ਮਾਈਥਾਨ
ਸ਼ਾਮ 5 ਤੋਂ 8 ਸੋਦਰ ਰਹਿਰਾਸ ਤੇ ਕੀਰਤਨ — ਗੁ: ਸ੍ਰੀ ਗੁਰੂ ਸਿੰਘ ਸਭਾ ਨਾਰਥ ਵਿਜੈ ਨਗਰ ਕਾਲੋਨੀ
8 ਨਵੰਬਰ ਸਵੇਰੇ 5½ ਤੋਂ 12½ ਆਸਾ ਦੀ ਵਾਰ ਤੇ ਕੀਰਤਨ — ਗੁਰਦਵਾਰਾ ਗੁਰੂ ਕਾ ਤਾਲ
ਸ਼ਾਮ 7-30 ਸੋਦਰ ਉਪਰੰਤ ਰੈਣ ਸਬਾਈ ਕੀਰਤਨ, 9 ਨਵੰਬਰ ਸਵੇਰੇ ਸਮਾਪਤੀ ਗੁ: ਕਾਛੀਪੁਰਾ (ਰੇਲਵੇ ਇੰਸਟੀਚਿਊਟ) ਆਗਰਾ ਛਾਉਣੀ

ਪੁਛਗਿਛ : 1. ਮਕਾਨ ਨੰ: 32-33 ਵੈਸਟ ਅਰਜਨ ਨਗਰ, ਖੇੜੀਆ ਰੋਡ, ਆਗਰਾ
2. ਐਫ 34, ਮੁਸਤਜਾਦ ਕੁਆਟਰਜ਼, ਆਗਰਾ ਛਾ: — ਦਾਸਰੇ—ਅਖੰਡ ਕੀਰਤਨੀ ਜਥਾ, ਆਗਰਾ

---

'ਸੂਰਾ' ਮਾਸਕ ਪੱਤਰ, ਬਾਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਸ੍ਰੀ ਅੰਮ੍ਰਿਤਸਰ

Title : Navketan Press, Amritsar.

www.AKJ.Org